# ਸਾਂਝੀ ਵਿਰਾਸਤ

ਜਿਲਦ 2 ਅੰਕ 13

2023

ਮਾਘ (ਜਨਵਰੀ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਤਤਕਰਾ


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ – ਵਿਆਖਿਆ | ਮਨਿੰਦਰ ਸਿੰਘ | 4 |
| 3. | ਬਾਰਹ ਮਾਹਾ ਮਾਂਝ ਮਹਲਾ 5 – ਕਾਵਿਕ ਵਿਆਖਿਆ | ਕਰਮਜੀਤ ਸਿੰਘ ਨੂਰ | 5 |
| 4. | ਨਵਾਂ ਸਾਲ ਮੁਬਾਰਕ | ਗੁਰਦੀਸ਼ ਕੌਰ ਗਰੇਵਾਲ | 7 |
| 5. | ਗੁਲਦਸਤਾ–ਏ 2023 | ਡੀ. ਐਮ. ਸਿੰਘ | 8 |
| 6. | ਸੂਰਮਗਤੀ | ਗੁਰਸ਼ਰਨ ਸਿੰਘ ਸੋਹਲ | 9 |
| 7. | ਸਜਾਓ ਦਸਤਾਰ ਤੇ ਬਣੋ ਸਰਦਾਰ (ਭਾਗ – 1) | ਕਾਬਲ ਸਿੰਘ, ਬਲਦੇਵ ਸਿੰਘ | 10 |
| 8. | ਸਿੱਖ ਦੀ ਦਸਤਾਰ ਹੈ ਸਿਰ ਦਾ ਤਾਜ (1) | ਰਾਜਬੀਰ ਸਿੰਘ ਭੱਟੀ | 12 |
| 9. | ਜਾਨ ਹੈ ਤਾਂ ਪਕਵਾਨ ਹੈ | ਬਲਦੇਵ ਸਿੰਘ ਢਿੱਲੋਂ | 13 |
| 10. | ਗੁਰਬਾਣੀ ਮੁਤਾਬਿਕ ਸਵਾਲ–ਜਵਾਬ (3) | ਤਰਲੋਕ ਸਿੰਘ ਸਹੋਤਾ | 15 |
| 11. | ਗਲੋਬਲ ਸਿੱਖ ਕੌਂਸਿਲ (ਜੀ ਐਸ ਸੀ) | ਕਾਲਾ ਸਿੰਘ | 17 |
| 12. | ਨਵਾਂ ਘਰ (ਮਿੰਨੀ ਕਹਾਣੀ) | ਗੁਰਦੀਸ਼ ਕੌਰ ਗਰੇਵਾਲ | 19 |
| 13. | ਸਾਨੂੰ ਇੰਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 21 |
| 14. | ਮੁੱਠੀ ਭਰ ਮਿੱਟੀ ਮੇਰੇ ਖੇਤ ਦੀ | ਪ੍ਰਿਤ ਪਾਲ ਕੌਰ ਚਾਹਲ | 23 |
| 15. | ਪੁਸਤਕ ਸਮੀਖਿਆ | ਸੁਰਜੀਤ ਸਿੰਘ ਭੱਟੀ | 24 |
| 16. | ਮਾਦਾ ਭਰੂਣ ਹੱਤਿਆ–2021 ਦੀ ਰਿਪੋਰਟ | ਹਰਸ਼ਿੰਦਰ ਕੌਰ | 26 |
| 17. | ਮੂਲ ਨਾਨਕਸ਼ਾਹੀ ਮਹੀਨੇ | (ਪਾਲ ਸਿੰਘ ਪੁਰੇਵਾਲ) | 28 |
| 18. | ‘ਕੈਲਗਰੀ ਈ–ਦੀਵਾਨ’ ਵਲੋਂ ਕਵੀ ਦਰਬਾਰ | (10, 17 ਦਸੰਬਰ 2022) | 29 |
| 19. | ਕਵੀ ਦਰਬਾਰ ਦੀ ਰਿਪਰੋਟ ਅਤੇ ਵੀਡੀਓ | ਗੁਰਦੀਸ਼ ਕੌਰ ਗਰੇਵਾਲ | 30 |
| 20. | ਪੰਜਾਬੀ ਸ਼ਬਦਾਂ ਦੀ ਜਾਣਕਾਰੀ | (ਸਕੂਲ ਸਿਖਿਆ ਵਿਭਾਗ) | 31 |
| 21. | ਜਨਵਰੀ ਦਾ ਮਹੀਨਾ | ਰੂਬੀਨਾ ਸਿੰਘ | 32 |
| 22. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | – | 33 |
| 23. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 35 |
| 24. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | **ਸਾਂਝੀ ਵਿਰਾਸਤ** | 36 |

# ਸੰਪਾਦਕੀ ਨੋਟ

## ਜਨਵਰੀ 2023 ਅੰਕ

ਜਨਵਰੀ 2023 ਤੋਂ "ਸਾਂਝੀ ਵਿਰਾਸਤ" ਮੈਗਜ਼ੀਨ ਦਾ ਦੂਸਰਾ ਸਾਲ ਸ਼ੁਰੂ ਹੋ ਗਿਆ ਹੈ। ਇਹ ਸਫਰ ਸਾਰੇ ਸੰਪਾਦਕੀ ਬੋਰਡ ਦੇ ਮੈਬਰਾਂ, ਸਲਾਹਕਾਰਾਂ, ਲੇਖਕਾਂ, ਕਵੀਆਂ ਤੇ ਪਾਠਕਾਂ ਦੇ ਸਹਿਯੋਗ ਨਾਲ ਹੀ ਸਫਲ ਹੋ ਸਕਿਆ ਹੈ। ਮਕਸਦ ਪੰਜਾਬੀ ਭਾਸ਼ਾ, ਸਭਿੱਆਚਾਰ, ਇਤਿਹਾਸ ਅਤੇ ਵਿਰਸੇ ਨਾਲ ਜੁੜੇ ਰਹਿਣਾ ਹੈ। ਪੰਜਾਬੀ ਦੁਨੀਆਂ ਭਰ ਵਿਚ 15 ਕਰੋੜ ਤੋਂ ਵਧੇਰੇ ਲੋਕਾਂ ਵਲੋਂ ਬੋਲੀ ਜਾਂਦੀ ਇਕ ਮਿੱਠੀ ਭਾਸ਼ਾ ਹੈ। ਇਸ ਦਾ ਸੰਬੰਧ ਕਿਸੇ ਇਕ ਧਰਮ ਤਕ ਸੀਮਤ ਨਹੀਂ। ਸਿੱਖ, ਹਿੰਦੂ ਤੇ ਮੁਸਲਮਾਨ ਭਾਰਤ ਤੋਂ ਇਲਾਵਾ ਹੋਰ ਕਈ ਮੁਲਕਾਂ ਵਿਚ ਪੰਜਾਬੀ ਬੋਲਦੇ ਹਨ। ਪੰਜਾਬ ਦਾ ਇਕ ਬੜਾ ਮਾਣ-ਮੱਤਾ ਇਤਿਹਾਸ ਹੈ, ਜੋ ਮਨੁੱਖੀ ਅਧਿਕਾਰਾਂ ਅਤੇ ਧਰਮ ਦੀ ਆਜ਼ਾਦੀ ਲਈ ਸਿੱਖਾਂ ਵਲੋਂ ਦਿੱਤੀਆਂ ਬੇਮਿਸਾਲ ਸ਼ਹੀਦੀਆਂ ਦੀਆਂ ਕਹਾਣੀਆਂ ਨਾਲ ਭਰਿਆ ਪਿਆ ਹੈ। ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਵੀ ਦੇਸ ਲਈ ਪੰਜਾਬੀਆਂ (ਖਾਸ ਤੌਰ ਤੇ ਸਿੱਖਾਂ) ਨੇ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ, ਜਿੰਨਾਂ ਨੂੰ ਯਾਦ ਰਖਣਾ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੀ ਮਨੁੱਖਤਾ ਲਈ ਸਾਂਝੇ 'ਗਿਆਨ ਤੇ ਏਕਤਾ' ਦੀ ਪ੍ਰੇਰਣਾ ਦਾ ਸੋਮਾਂ ਹੈ ਜਿਸ ਵਿਚ ਸਿੱਖ ਗੁਰੂਆਂ ਅਤੇ ਹੋਰ ਧਰਮਾਂ ਦੇ ਭਗਤਾਂ ਦੀ ਬਾਣੀ ਮਾਨਵਤਾ ਨੂੰ ਸੇਧ ਦਿੰਦੀ ਹੈ। ਅਸੀਂ ਗੁਰਬਾਣੀ ਦੀਆਂ ਸਿੱਖਿਆਵਾਂ ਬਾਰੇ ਵਿਦਵਾਨਾਂ ਦੇ ਲੇਖ ਅਤੇ ਕਾਵਿਕ ਵਿਚਾਰ ਛਾਪਦੇ ਰਹਿੰਦੇ ਹਾਂ ਤਾਕਿ ਇਸ ਗਿਆਨ ਦੇ ਸਮੁੰਦਰ ਵਿਚੋਂ ਪਾਠਕਾਂ ਨੂੰ ਕੀਮਤੀ ਹੀਰੇ ਮੋਤੀ ਮਿਲਦੇ ਰਹਿਣ। ਨਾਲ ਹੀ ਉਨ੍ਹਾਂ ਸਿਰਕੱਢ ਪੰਜਾਬੀਆਂ ਦੀਆਂ ਕਾਮਯਾਬੀਆਂ ਬਾਰੇ ਵੀ ਦਸਦੇ ਹਾਂ ਜੋ ਸਾਡੇ ਲਈ ਮਾਣ ਵਾਲੀਆਂ ਹਨ ਅਤੇ ਨਵੀਂ ਪੀੜ੍ਹੀ ਲਈ ਪ੍ਰੇਰਣਾ ਵੀ ਹਨ। ਪੰਜਾਬੀ ਭਾਸ਼ਾ ਨੂੰ ਸਮਝਣ ਲਈ ਕੁਝ ਪੰਜਾਬੀ ਸ਼ਬਦਾਂ ਦੇ ਅਰਥ ਵੀ ਦਿਤੇ ਜਾ ਰਹੇ ਹਨ।

5 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹੈ। ਆਓ ਅਸੀਂ ਗੁਰੂ ਸਾਹਿਬਾਨ ਦੀਆ ਸਿਖਿਆਵਾਂ ਨਾਲ ਆਪਣੀ ਜੀਵਨ ਯਾਤਰਾ ਪ੍ਰਕਾਸ਼ਮਾਨ ਕਰੀਏ। ਦਸੰਬਰ ਵਿਚ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੂੰ ਸਮਰਪਿਤ **"ਕੈਲਗਰੀ ਈ-ਦੀਵਾਨ ਸੋਸਾਇਟੀ"** ਵਲੋਂ 10 ਅਤੇ 17 ਦਸੰਬਰ ਨੂੰ ਦੋ ਅੰਤਰ-ਰਾਸ਼ਟਰੀ ਕਵੀ ਦਰਬਾਰ ਕਰਾਏ ਗਏ। ਇਸ ਪ੍ਰੋਗਰਾਮ ਦੀ ਪ੍ਰੈਸ ਰਿਪੋਰਟ ਤੋਂ ਇਲਾਵਾ, **Youtube** ਤੇ ਇਸ ਦੀ ਵੀਡੀਓ ਵੀ ਵੇਖੀ ਜਾ ਸਕਦੀ ਹੈ (ਪੰਨਾ-30)।

ਅਗਲੇ ਅੰਕਾਂ ਲਈ ਜੋ ਲੇਖਕ / ਕਵੀ ਕੇਵਲ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ, ਵਿਰਾਸਤ ਜਾਂ ਸਮਾਜਿਕ ਭਲਾਈ ਬਾਰੇ "**ਮੌਲਿਕ**" ਰਚਨਾਵਾਂ (ਲੇਖ, ਮਿੰਨੀ ਕਹਾਣੀਆਂ, ਕਵਿਤਾਵਾਂ ਜਾਂ ਪੰਜਾਬੀ ਪੁਸਤਕ ਸਮੀਖਿਆਵਾਂ) ਭੇਜਣਾ ਚਾਹੁੰਦੇ ਹਨ ਉਹ ਹਰ ਮਹੀਨੇ ਦੀ 10 ਤਾਰੀਖ ਤਕ ਭੇਜਣ ਦੀ ਕ੍ਰਿਪਾਲਤਾ ਕਰਨ। ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਰਾਜਨੀਤਿਕ ਜਾਂ ਕਿਸੇ ਵਿਵਾਦ-ਗ੍ਰਸਤ ਵਿਅਕਤੀ ਬਾਰੇ ਕੋਈ ਲਿਖਤ ਨਹੀਂ ਛਾਪੀ ਜਾਏਗੀ। ਇਕਸਾਰਤਾ ਲਈ '**ਜ਼ਰੂਰੀ ਜਾਣਕਾਰੀ**' ਹਰ ਅੰਕ ਵਿਚ ਦਿੱਤੀ ਗਈ ਹੈ ਅਤੇ ਸਾਡੇ ਵੈਬਸਾਈਟ (***sanjhivirasat.org***) ਤੋਂ ਵੀ ਮਿਲ ਸਕਦੀ ਹੈ। ਰਚਨਾਵਾਂ ਦੋ (2) ਪੰਨਿਆਂ ਤਕ ਦੀਆਂ ਹੀ ਹੋਣ। ਇਸ ਤੋਂ ਲੰਬੇ ਪ੍ਰਵਾਨਿਤ ਲੇਖ (ਇਸ ਵੈਬਸਾਈਟ ਦੇ) **Blog** ਉਤੇ ਪਾਏ ਜਾਂਦੇ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੇ ਜਾਂਦੇ ਹਨ। ਲੇਖਕ (ਜੇ ਉਹ ਚਾਹੁਣ ਤਾਂ) ਆਪਣੀ ਫੋਟੋ ਵੀ ਭੇਜ ਸਕਦੇ ਹਨ। ਆਪਣਾ ਈ-ਮੇਲ ਪਤਾ, ਵੱਟਸਐਪ ਜਾਂ ਫੋਨ ਨੰਬਰ, ਸ਼ਹਿਰ ਦਾ ਨਾਂ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਭੇਜਣੀ ਜ਼ਰੂਰੀ ਹੈ ਜੀ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ। ਨਵੇਂ ਸਾਲ ਲਈ ਸ਼ੁਭ ਕਾਮਨਾਵਾਂ।

ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)
ਮੁੱਖ ਸੰਪਾਦਕ ***(surjitsingh.bhatti@gmail.com)***

## ਤੁਖਾਰੀ ਛੰਤ ਮਹਲਾ 1 ਬਾਰਹਮਾਹਾ

## ਮਾਘ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ੴ ਸਤਿਗੁਰ ਪ੍ਰਸਾਦਿ

**ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥**
**ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥**
**ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥**
**ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥**
**ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥**
**ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥**
**॥੧੫॥ {ਸ੍ਰੀ ਗੁਰੂ ਗ੍ਰੰਥ ਸਾਹਿਬ - ਪੰਨਾ 1109}**

ਭਾਰਤ ਵਿਚ ਮਾਘ ਮਹੀਨੇ ਦੀ ਸੰਗਰਾਂਦ ਮਾਘੀ ਦੇ ਅਵਸਰ ਤੇ ਨਦੀਆਂ ਕਿਨਾਰੇ ਸਥਿਤ ਮੰਨੇ ਜਾਂਦੇ ਅਠਾਹਠ ਤੀਰਥਾਂ ਤੇ ਜਾਕੇ ਇਸ਼ਨਾਨ ਕਰਨ ਦਾ ਬੜਾ ਮਹਾਤਮ ਸਮਿਝਆ ਜਾਂਦਾ ਹੈ। ਸ਼ਰਧਾਲੂ ਸਮਝਦੇ ਹਨ ਕਿ ਇਸ ਨਾਲ ਉਨ੍ਹਾ ਦੇ ਕੀਤੇ ਪਾਪ ਕਰਮ ਧੋਤੇ ਜਾਣਗੇ ਤੇ ਮਨ ਪਵਿੱਤਰ ਹੋ ਜਾਵੇਗਾ। ਪ੍ਰੰਤੂ ਗੁਰਬਾਣੀ ਵਿਚ ਬਾਹਰਲੇ ਇਸ਼ਨਾਨ ਨਾਲ ਮਨ ਦਾ ਸਾਫ਼ ਹੋਣਾ ਨਹੀਂ ਮੰਿਨਆ ਗਿਆ। ਗੁਰੂ ਨਾਨਕ ਦੇਵ ਜੀ ਨੇ ਜਪੁ ਸਾਹਿਬ ਦੀ ਬਾਣੀ ਦੇ ਆਰੰਭ ਵਿਚ ਹੀ ਸਾਵਧਾਨ ਕੀਤਾ ਹੈ ਕਿ ਭਾਵੇਂ ਲੱਖਾਂ ਵਾਰੀ ਇਸ਼ਨਾਨ ਕਰੀਏ ਤਾਂ ਵੀ ਮਾਨਸਕ ਪਵਿਤ੍ਰਤਾ ਨਹੀ ਹੁੰਦੀ। ਗੁਰਬਾਣੀ ਅਨੁਸਾਰ ਪਰਮਾਤਮਾ ਦੀ ਸਿਫ਼ਤਿ-ਸਾਲਾਹ ਹਿਰਦੇ ਵਿਚ ਵਸਾਣੀ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।

ਮਾਘ ਦੇ ਮਹੀਨੇ ਰੂਪੀ ਜੀਵਨ ਦੇ ਸਫ਼ਰ ਵਿਚ ਜਿਸ ਮਨੁੱਖ ਨੇ ਆਪਣੈ ਹਿਰਦੇ ਨੂੰ ਸਾਫ਼ ਰੱਖਣ ਦਾ ਤੀਰਥ - ਅੰਤਰਗਤਿ ਤੀਰਥਿ ਮਲਿ ਨਾਉ - ਅਪਨਾ ਲਿਆ ਹੈ ਉਸਦਾ ਜੀਵਨ ਪਵਿੱਤਰ ਹੋ ਗਿਆ ਹੈ। ਜਿਹੜਾ ਮਨੁੱਖ ਪ੍ਰਭੂ ਦੇ ਗੁਣਾਂ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ ਉਸਦਾ ਸਹਿਜੇ ਹੀ ਮਿਲਾਪ ਹੋ ਜਾਂਦਾ ਹੈ। ਹੇ ਪਿਆਰੇ ਪ੍ਰਭੂ ! ਜੇਕਰ ਮੈਂ ਤੇਰੇ ਗੁਣ ਅਪਣੇ ਹਿਰਦੇ ਵਿਚ ਵਸਾ ਕੇ ਤੈਨੂੰ ਚੰਗਾ ਲਗਣ ਲਗ ਜਾਵਾਂ ਤਾਂ ਸਮਝੋ ਮੈ ਤੀਰਥ ਉੱਤੇ ਇਸ਼ਨਾਨ ਕਰ ਲਿਆ ਹੈ। ਇਸ ਅਵੱਸਥਾ ਵਿਚ ਮੈ ਗੰਗਾ, ਜਮਨਾ ਤੇ ਸਰਸਵਤੀ ਦੇ ਸੰਗਮ ਤ੍ਰਿਵੇਣੀ ਅਤੇ ਸੱਤਾਂ ਸਮੂੰਦਰਾਂ ਦੇ ਇਸ਼ਨਾਨ ਦਾ ਮਹਾਤਮ ਪ੍ਰਾਪਤ ਕੀਤਾ ਸਮਝਦਾ ਹਾਂ। ਜਿਸਨੇ ਜੁਗੋ ਜੁਗ ਵਿਆਪਕ ਪੂਰਨ ਪਰਮੇਸ਼ਰ ਨੂੰ ਜਾਣ ਲਿਆ ਸਮਝੋ ਉਸਨੇ ਪੁੰਨ ਦਾਨ ਤੇ ਪੂਜਾ ਦੇ ਧਾਰਮਕ ਕਰਮ ਕਰ ਲਏ। ਮਾਘ ਰੂਪੀ ਜੀਵਨ ਵਿਚ ਜਿਸਨੇ ਹਰੀ ਦਾ ਜਾਪ ਕਰਕੇ ਆਤਮਕ ਰਸ ਦੀ ਪ੍ਰਾਪਤੀ ਕਰ ਲਈ ਉਸਨੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ। ਸਿੱਖ ਧਰਮ ਵਿਚ ਮੁਕਤਸਰ ਦਾ ਮਾਘੀ ਦਾ ਮੇਲਾ ਪ੍ਰਸਿੱਧ ਹੈ। ਇਸ ਦਿਨ ਚਾਲੀ ਮੁਕਤਿਆਂ ਦੀ ਕੁਰਬਾਨੀ ਦੀ ਯਾਦ ਵਿਚ ਲੱਖਾਂ ਲੋਕ ਮੁਕਤਸਰ ਸਰੋਵਰ ਵਿਚ ਇਸ਼ਨਾਨ ਕਰਦੇ ਹਨ।

ਪ੍ਰੋਫੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)



ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪


ਮਾਘ ਮਹੀਨੇ ਦਾ ਪਾਠ ॥

ੴ ਸਤਿਗੁਰ ਪ੍ਰਸਾਦਿ ॥

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥
॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ॥ ਅੰਗ 133 ॥

ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ


ਮਾਘ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ.....

ਮਾਘ ਦੇ ਮਹੀਨੇ ਵਿਚ ਤੀਰਥਾਂ ਦੇ ਇਸ਼ਨਾਨ ਅਤੇ ਦਾਨ ਪੁੰਨ ਆਦਿਕ ਬਾਹਰੀ ਕਰਮ ਕਾਂਡ ਕਰਨ ਨਾਲ ਕੋਈ ਸੁੱਚਾ ਨਹੀਂ ਹੋ ਸਕਦਾ, ਬਲਕਿ ਜੋ ਮਨੁੱਖ ਗੁਰੂ ਦੀ ਕਿਰਪਾ ਦੁਆਰਾ ਹਰੀ ਨਾਮ ਜਪ ਕੇ ਸੱਚ ਨਾਲ ਜੁੜ ਜਾਂਦੇ ਹਨ, ਉਹਨਾ ਦੇ ਅੰਦਰੋਂ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ, ਸੁੱਚੇ ਕੇਵਲ ਉਹਨਾ ਨੂੰ ਕਿਹਾ ਜਾ ਸਕਦ ਹੈ , ਸਾਰੇ ਸੰਸਾਰ ਵਿਚ ਉਹਨਾ ਦੀ ਸ਼ੋਭਾ ਹੁੰਦੀ ਹੈ।

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪
## ਮਾਘ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ



ਮਾਘ ਮਹੀਨੇ ਦਾ ਕਵਿ- ਅਨੁਵਾਦ
ਮਾਘ ਦੇ ਮਹੀਨੇ ਵਿਚ ਜੀਣਾ ਕਿਵੇਂ ਜ਼ਿੰਦਗੀ ਨੂੰ,
ਪੰਜਵੇਂ ਗੁਰਾਂ ਨੇ ਸਾਨੂੰ ਦੱਸਿਆ ਗਿਆਨ ਜੀ।
ਮਾਘ ਵਿਚ ਮੰਨਦੇ ਮਹਾਨਤਾ 'ਸ਼ਨਾਨ ਦੀ ਜੋ,
ਸਾਧੂਆਂ ਦੀ ਧੂਰੀ ਵਿਚ ਕਰੋ ਇਸ਼ਨਾਨ ਜੀ।
ਦਾਨ ਵੀ ਜੋ ਕਰਦੇ ਨੇ ਮਾਘ ਦੇ ਮਹੀਨੇ ਵਿਚ,
ਹਰੀ ਨਾਮ ਜਪੋ, ਕਰੋ ਨਾਮ ਦਾ ਹੀ ਦਾਨ ਜੀ।
ਲੱਥ ਜਾਂਦੀ ਮੈਲ ਕਈ ਜਨਮਾਂ ਦੇ ਕਰਮਾਂ ਦੀ,
ਮੁੱਕ ਜਾਂਦਾ ਮਨ ਵਿਚੋਂ ਸਾਰਾ ਅਭਿਮਾਨ ਜੀ।
ਕਾਮ ਨਾ ਕਰੋਧ ਨਾ ਹੀ ਮੋਹ ਫ਼ੇਰ ਮੋਹ ਸਕੇ, ਲੋਭ
ਕੁੱਤਾ ਭੱਜ ਜਾਂਦਾ ਛੱਡ ਕੇ ਮੈਦਾਨ ਜੀ।
ਸੱਚ ਵਾਲੇ ਰਾਹ ਤੇ ਜੋ ਚਲਦੈ ਜਹਾਨ ਵਿਚ,
ਕਰਦਾ ਹੈ ਜੱਸ ਉਹਦਾ ਸਾਰ ਹੀ ਜਹਾਨ ਜੀ।
ਦੀਨਾਂ ਅਤੇ ਦੁਖੀਆਂ ਤੇ ਕਰਦੈ ਜੋ ਦਇਆ, ਸਾਰੇ,
ਤੀਰਥਾਂ ਦੇ ਪੁੰਨ ਤੋਂ ਇਹ ਪੁੰਨ ਹੈ ਮਹਾਨ ਜੀ।
ਕਿਰਪਾ ਦਾ ਪਾਤਰ ਜੋ ਬਣੇ ਪਰਮਾਤਮਾ ਦੀ, ਹੁੰਦਾ
ਹੈ ਉਹ ਬੜਾ ਹੀ ਸੁਜਾਨ ਇਨਸਾਨ ਜੀ।
'ਨੂਰੋ-ਨੂਰ' ਹੋ ਗਏ ਇੱਕ -ਮਿੱਕ ਹੋ ਕੇ ਪ੍ਰਭੂ ਨਾਲ,
ਉਨ੍ਹਾਂ ਉੱਤੋਂ 'ਨਾਨਕ' ਮੈਂ ਜਾਵਾਂ ਕੁਰਬਾਨ ਜੀ।
ਮਾਘ ਦੇ ਮਹੀਨੇ ਵਿਚ ਸੁੱਚੇ ਓਹੀ ਕਹੇ ਜਾਂਦੇ,
ਜਿਨ੍ਹਾਂ ਉਤੇ ਪੂਰਾ ਗੁਰੂ ਹੋ ਜਾਏ ਮਿਹਰਬਾਨ ਜੀ।

K. S. Noor - 9815023970


ਇੰਜੀਨੀਅਰ ਸਰਦਾਰ
ਕਰਮਜੀਤ ਸਿੰਘ ਨੂਰ
ਜਲੰਧਰ
(ਭਾਰਤ)




## ਨਵਾਂ ਸਾਲ ਮੁਬਾਰਕ

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
ਸੰਪਰਕ: +1 403 404 1450



ਦੂਰ ਨੇੜੇ ਦੇ ਸੱਜਣ ਪਿਆਰਿਓ ਜੀ,
ਨਵੇਂ ਸਾਲ ਦੀ ਲੱਖ ਵਧਾਈ ਹੋਵੇ।
ਢੁੱਕੇ ਦੁੱਖ ਤਕਲੀਫ ਨਾ ਨੇੜ ਕਿਧਰੇ,
ਖੁਸ਼ੀ ਸਭ ਦੀ ਦੂਣ ਸਵਾਈ ਹੋਵੇ।

ਸੁੱਖ ਕਿਸੇ ਦਾ ਦੇਖ ਨਾ ਦੁਖੀ ਹੋਣਾ,
ਹਰ ਇੱਕ ਦੀ ਖ਼ੈਰ ਮਨਾ ਲਈਏ।
ਲੱਤਾਂ ਖਿੱਚਣ ਦੀ ਰੀਤ ਨੂੰ ਮੇਟ ਕੇ ਤੇ,
ਨਵੇਂ ਪੂਰਨੇ ਅੱਜ ਤੋਂ ਪਾ ਲਈਏ।

ਕਿਰਤ ਕਰਨਾ ਤੇ ਵੰਡ ਕੇ ਹੈ ਛਕਣਾ,
ਬਾਬੇ ਨਾਨਕ ਨੇ ਕੀਤੀ ਰੁਸ਼ਨਾਈ ਸਾਨੂੰ।
ਨਾਮ ਦਾਤ ਦੀ ਸਾਡੇ ਤੇ ਮਿਹਰ ਹੋ ਜਾਏ,
ਰੂਪ ਰੱਬ ਦਾ ਦਿਸੇ ਲੋਕਾਈ ਸਾਨੂੰ।




ਦੇਸ ਵੱਸੀਏ ਭਾਵੇਂ ਪਰਦੇਸ ਆਪਾਂ,
ਇੱਕ ਦੂਜੇ ਦੀ ਸੁੱਖ ਮਨਾ ਲਈਏ।
ਗਿਲੇ ਸ਼ਿਕਵੇ ਭੁਲਾ ਕੇ ਅੱਜ ਸਾਰੇ,
ਆਓ ਆਪਾਂ ਗਲਵੱਕੜੀ ਪਾ ਲਈਏ।

'ਦੀਸ਼' ਹਰ ਦਮ ਇਹੋ ਦੁਆ ਕਰਦੀ,
ਵੈਰ ਵਿਰੋਧ ਤੇ ਈਰਖਾ, ਲਾਂਭ ਰੱਖੀਏ।
ਸਾਂਝੀਵਾਲਤਾ, ਭਲਾ ਮਨੁੱਖਤਾ ਦਾ,
ਮਾਂ-ਬੋਲੀ ਪੰਜਾਬੀ ਨੂੰ ਸਾਂਭ ਰੱਖੀਏ।

ਗੁਲਦਸਤਾ-ਏ 2023

ਇੰਜੀਨੀਅਰ ਸਰਦਾਰ ਡੀ. ਐਮ. ਸਿੰਘ, ਲੁਧਿਆਣਾ (ਭਾਰਤ)
(ਦੇਵਿੰਦਰ ਮੋਹਨ ਸਿੰਘ) ਮੋਬਾਈਲ : 98155-09390



ਹਰ ਪਲ, ਹਰ ਛਿਨ,
ਨਵੇਂ ਵਰ੍ਹੇ ਵਿੱਚ,
ਖੁਸ਼ੀਆਂ ਸ਼ਾਲਾ ਮਾਣੇਂ ।
ਬਾ-ਸਨਮਾਨ ਤੂੰ ਵੱਧੇਂ, ਫੁੱਲੇਂ,
ਤੋੜ ਰਿਕਾਰਡ ਪੁਰਾਣੇ ।

ਯਸ਼ ਪਾਵੇਂ ਤੇ ਪਾਏਂ ਪੁਲਾਂਘਾਂ,
ਜਿੱਧਰ ਹੱਥ ਅਜਮਾਵੇਂ ।
ਰੱਬ ਆਪਣੇ ਵਲ ਦਿੱਸੇ ਤੈਨੂੰ
ਪਿਛੜਨ ਕਈ ਸਿਆਣੇ ।
ਪਰ ਅਰਦਾਸ ਕਰਾਂ-ਬਾ-ਸੰਜਮ,
ਦਾਤਾਂ, ਯਸ਼, ਰਸ ਮਾਣੇਂ ।




ਪੰਜਾਂ ਤੇ ਤੇਰਾ ਪੰਜਾ ਹੋਵੇ,
ਜੀਵਨ ਰੀਤ ਪਹਿਚਾਣੇ ।

# ਸੂਰਮਗਤੀ

ਡਾ. ਗੁਰਸ਼ਰਨ ਸਿੰਘ ਸੋਹਲ, ਅਮ੍ਰਿਤਸਰ (ਭਾਰਤ) : 9914003562



ਗੜ੍ਹੀ ਚਮਕੌਰ ਦੀ, ਕੰਧ ਸਰਹੰਦ ਵਾਲੀ,
ਸਿੱਜਦੇ ਪਲ਼-ਪਲ਼ ਦਸਮੇਸ਼ ਨੂੰ ਕਰਦੀਆਂ ਨੇ,
ਤੱਕੇ ਹੌਂਸਲੇ ਇੰਨੇ ਅਸਮਾਨ ਜਿੱਡੇ
ਉਂਗਲਾਂ ਮੂੰਹਾਂ ਤੇ ਅੱਜ ਵੀ ਧਰਦੀਆਂ ਨੇ ...

ਹੱਕ ਸੱਚ ਲਈ ਖੜ੍ਹੇ ਫਰਜ਼ੰਦ ਜਿਸਦੇ
ਬਾਤਾਂ ਕੂੰਜਾਂ ਵੀ ਓਸੇ ਦੀਆਂ ਕਰਦੀਆਂ ਨੇ,
ਸਾਹਿਬਜ਼ਾਦਿਆਂ ਵੱਡਾ ਇਤਿਹਾਸ ਰਚਿਆ
ਗੱਲਾਂ ਵੱਡੀਆਂ ਕਲਗੀਧਰ ਦੀਆਂ ਨੇ ...

ਡੁੱਲੇ ਰੱਤ ਦੀ ਉਥੋਂ ਖੁਸ਼ਬੂ ਆਉਂਦੀ
ਪੌਣਾਂ ਨਾਲ ਸੁਗੰਧੀਆਂ ਭਰਦੀਆਂ ਨੇ,
ਨੰਨ੍ਹੇ ਯੋਧਿਆਂ ਰਚੀ ਤਵਾਰੀਖ ਵੱਖਰੀ
ਸੁਣ-ਸੁਣ ਸਾਨੂੰ ਖ਼ੁਮਾਰੀਆਂ ਚੜ੍ਹਦੀਆਂ ਨੇ ...

ਵੱਡੇ ਜੰਗ 'ਚ ਜੂਝੇ ਅਖੀਰ ਤਾਂਈ
ਤੇਗਾਂ 'ਨੇਰੀ ਦੇ ਵਾਂਗ ਜਿਉਂ ਵਰ੍ਹਦੀਆਂ ਨੇ,
ਛੋਟੇ ਕੰਧਾਂ ਦੇ ਵਿੱਚ ਅਡੋਲ ਚਿਣ ਗਏ,
ਹਾਮੀ ਨੀਹਾਂ ਦੀਆ ਇੱਟਾਂ ਵੀ ਭਰਦੀਆਂ ਨੇ ...

"ਸੂਰਮਗਤੀ" ਦੀ ਐਸੀ ਮਿਸਾਲ ਕੋਈ ਨਾ
ਨਿੱਕੀਆਂ ਜਿੰਦਾਂ ਜੋ ਸਾਕੇ ਕਰ ਗਈਆਂ ਨੇ,
ਸਾਡੇ ਸਭਨਾਂ ਲਈ ਬਣੇ ਜੋ ਸਬਕ ਵਾਂਗੂੰ
ਜਜ਼ਬੇ ਏਦਾਂ ਦੇ ਮਨਾਂ ਵਿੱਚ ਭਰ ਗਈਆਂ ਨੇ ।

ਚਮਕੌਰ ਦੀ ਜੰਗ ਵਿੱਚ ਕੁਰਾਨ ਤੇ ਗਊ ਦੀਆਂ ਕਸਮਾਂ ਤੋੜ ਕੇ ਗੁਰੂ ਗੋਬਿੰਦ ਸਿੰਘ ਅਤੇ 40 ਸਿੰਘਾਂ ਤੇ ਹਮਲਾ ਕਰਨ ਵਾਲੇ ਕੇਹਲੂਰ, ਬਰੋਲੀ, ਕਸੌਲੀ, ਕਾਂਗੜਾ, ਨਾਦੌਨ, ਨਾਹਨ, ਬੁਦੈਲ, ਚੰਬਾ, ਭੰਬੋਰ, ਚੰਬੋਲੀ, ਜੰਮੂ, ਨੂਰਪੁਰ, ਜਸਵਾਲ, ਸ਼੍ਰੀਨਗਰ, ਗਡਵਾਲ, ਹਿੰਗਡੋਰ, ਮੰਡੀ ਦੇ ਰਾਜੇ ਸਨ। ਆਗੂ ਭੀਮਚੰਦ ਸੀ ਜਿਸ ਦੇ ਦਾਦਾ ਰਾਜਾ ਤਾਰਾ ਚੰਦ ਨੂੰ ਗੁਰੂ ਹਰਗੋਬਿੰਦ ਸਾਹਿਬ ਨੇ 51 ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ ਤੋਂ ਆਜ਼ਾਦ ਕਰਵਾਇਆ ਸੀ। ਨਾਲ ਗਵਰਨਰ ਸਰਹਿੰਦ, ਮੁਲਤਾਨ, ਪਿਸ਼ਾਵਰ, ਮਲੇਰਕੋਟਲਾ, ਲਾਹੌਰ, ਕਸ਼ਮੀਰ ਦੇ ਅੱਠ ਜਰਨਲ ਸਨ।

ਇੱਕ ਵੱਖਰੇ ਕਿਸਮ ਦੀ ਪਹਿਲ ਵੇਖੋ
ਕੁਝ ਸ਼ਰਧਾਲੂਆਂ ਵਲੋਂ ਬਣਾਈ ਗਈ
"ਸ਼ਹਾਦਤਾਂ ਨੂੰ ਸਮਰਪਿਤ"
। "ਸਫ਼ਰੇ-ਸ਼ਹਾਦਤ" ਵੀਡੀਓ ।

# ਸਜਾਓ ਦਸਤਾਰ ਤੇ ਬਣੋ ਸਰਦਾਰ (ਭਾਗ – 1)

## *ਦਸਤਾਰ ਦਾ ਇਤਿਹਾਸਕ ਪੱਖ ਤੇ ਸਿੱਖੀ ਵਿੱਚ ਮਹੱਤਵ –* ਇਤਿਹਾਸਕ ਪੱਖ

ਸ੍ਰ. ਗੁਰਚੇਤਨ ਸਿੰਘ ਹਰਿਆਓ, ਡਾ. ਬਲਦੇਵ ਸਿੰਘ, ਡਾ. ਕਾਬਲ ਸਿੰਘ, ਐਡਮਿੰਟਨ (ਕੈਨੇਡਾ)

**'ਦਸਤਾਰ'** ਫਾਰਸੀ ਦਾ ਸ਼ਬਦ ਹੈ ਜਿਸਦਾ ਅਰਥ ਹੈ 'ਦਸਤ-ਏ-ਯਾਰ', ਯਾਨੀ **'ਰੱਬ ਦਾ ਹੱਥ'**। ਦਸਤਾਰ ਨੂੰ ਪੱਗ, ਪਗੜੀ, ਸਾਫ਼ਾ, ਚੀਰਾ, ਦੁਮਾਲਾ, ਉਵਸ਼ਿਕ, ਇਮਾਮਾ, ਚਮਲਾ, ਦਸਤਾਰਾ, ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਵੱਖ-ਵੱਖ ਭਾਸ਼ਾਵਾਂ ਤੇ ਸਭਿਆਚਾਰਾਂ ਵਿੱਚ ਦਸਤਾਰ ਸਬੰਧੀ ਕਈ ਸ਼ਬਦ ਹਨ, ਜਿਵੇਂ ਟਰਬਨ (ਅੰਗਰੇਜ਼ੀ), ਟਬੰਦ (ਫਰਾਂਸੀਸੀ), ਉਸ਼ਨੀਸ਼ (ਸੰਸਕ੍ਰਿਤ), ਮਾਈਟਰ (ਲਾਤੀਨੀ), ਟਰਬਾਂਦੇ (ਜਰਮਨ, ਇਤਾਲਵੀ, ਸਪੇਨੀ ਤੇ ਪੁਰਤਗੇਜ਼ੀ), ਸਾਰੀਕ (ਤੁਰਕੀ), ਦੁਲਬੰਦ (ਡੱਚ), ਤੁਲੀਪਾਨ (ਰੁਮਾਨੀ), ਸੁਰਬੰਦ (ਈਰਾਨੀ), ਸਰਬਾਨ (ਮਲਾਈ)।

ਦਸਤਾਰ ਦਾ ਰਿਵਾਜ ਲੰਮੇ ਸਮੇਂ ਤੋਂ ਵਿਸ਼ਵ-ਵਿਆਪੀ ਰਿਹਾ ਹੈ। ਭਾਰਤ ਸਮੇਤ ਏਸ਼ੀਆ, ਮੱਧ-ਪੂਰਬ, ਯੂਰਪ ਅਤੇ ਅਫ਼ਰੀਕਾ ਦੇ ਲੋਕ ਧੁੱਪ, ਮੀਂਹ, ਅਤੇ ਗਰਮੀ ਸਰਦੀ ਤੋਂ ਬਚਾਅ ਲਈ ਅਤੇ ਆਪਣੀ ਸ਼ਾਨ ਵਧਾਉਣ ਲਈ ਹਜ਼ਾਰਾਂ ਸਾਲਾਂ ਤੋਂ ਦਸਤਾਰ ਦੀ ਵਰਤੋਂ ਕਰਦੇ ਰਹੇ ਹਨ। ਮੀਜ਼ੋਪੋਟਾਮੀਆ ਵਿੱਚ 4350 ਸਾਲ ਪੁਰਾਣੇ ਇੱਕ ਬੁੱਤ ਦੇ ਸਿਰ ਤੇ ਪੱਗ ਵਾਂਗ ਕੱਪੜਾ ਬੰਨ੍ਹਿਆ ਹੋਇਆ ਹੈ। ਈਸਾ ਤੋਂ 1300 ਸਾਲ ਪਹਿਲਾਂ ਪੱਗ ਇਜ਼ਰਾਈਲੀ ਮੁੱਖ ਪਾਦਰੀ ਦੀ ਪੁਸ਼ਾਕ ਦਾ ਅੰਗ ਸੀ।

ਭਾਰਤ ਦੇ ਮਹਾਰਾਸ਼ਟਰ ਰਾਜ ਵਿੱਚ ਸਥਿਤ 2200-2300 ਸਾਲ ਪੁਰਾਣੀਆਂ ਅਜੰਤਾ ਦੀਆਂ ਗੁਫ਼ਾਵਾਂ ਵਿੱਚ ਕਈ ਮਨੁੱਖੀ ਮੂਰਤੀਆਂ ਦੇ ਸਿਰਾਂ ਤੇ ਪੱਗਾਂ ਹਨ। ਲੰਡਨ ਦੀ ਆਰਟ ਗੈਲਰੀ ਵਿੱਚ ਸਾਲ 1431 ਦੀ ਇਕ ਗੋਰੇ ਮਨੁੱਖ ਦੀ ਤਸਵੀਰ ਪੱਗ ਨਾਲ ਹੈ। ਅੱਠਵੀਂ ਸਦੀ ਵਿਚ ਮਿਸਰ ਅਤੇ ਸੀਰੀਆ ਦੇ ਇਸਾਈ ਨੀਲੇ ਰੰਗ, ਯਹੂਦੀ ਪੀਲੇ ਰੰਗ, ਸਮੈਰੀਟਨ ਲਾਲ ਰੰਗ, ਅਤੇ ਮੁਸਲਮਾਨ ਚਿੱਟੇ ਰੰਗ ਦੀ ਪੱਗ ਬੰਨ੍ਹਦੇ ਸਨ।

ਭਾਰਤ ਵਿਚ ਹਿੰਦੂ ਰਾਜੇ ਅਤੇ ਕੁਝ ਖਾਸ ਲੋਕ ਪੱਗ ਬੰਨ੍ਹਦੇ ਸਨ, ਪਰ ਅਖੌਤੀ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਪੱਗ ਬੰਨ੍ਹਣ ਦੀ ਮਨਾਹੀ ਸੀ। ਹੀਰਿਆਂ ਮੋਤੀਆਂ ਨਾਲ ਜੜੀ ਅਤੇ ਕਲਗੀ ਨਾਲ ਸਜੀ ਪੱਗ, ਜਿਸਨੂੰ ਤਾਜ ਕਹਿੰਦੇ ਹਨ, ਰਾਜਸੀ ਇਜ਼ਤ, ਆਨ, ਸ਼ਾਨ, ਰੋਅਬ ਅਤੇ ਸਵੈਮਾਨ ਦਾ ਪਰਤੀਕ ਸੀ। ਹੁਣ ਵੀ ਹਿੰਦੂ-ਵਿਆਹ ਵੇਲੇ ਲਾੜਾ ਅਤੇ ਦੋਨਾਂ ਪਾਸਿਆਂ ਦੇ ਨੇੜਲੇ ਸਬੰਧੀ ਪੱਗ ਬੰਨ੍ਹਦੇ ਹਨ। ਪਿਤਾ ਦੇ ਮਰਨ ਤੇ ਪਗੜੀ ਦੀ ਰਸਮ ਪਰਿਵਾਰਕ ਅਤੇ ਸਮਾਜਿਕ ਜ਼ਿਮੇਵਾਰੀ ਪੁੱਤਰ ਨੂੰ ਸੌਂਪਣ ਦੀ ਸੂਚਕ ਹੈ। ਰਾਜਪੂਤ ਅਤੇ ਮਰਾਠਾ ਲੋਕ ਪਗੜੀ ਬੰਨ੍ਹਣ ਨੂੰ ਸ਼ਾਹਾਨਾ ਠਾਠ ਸਮਝਦੇ ਹਨ। ਸਵਾਮੀ ਵਿਵੇਕਾਨੰਦ, ਲਾਲਾ ਹਰਦਿਆਲ, ਡਾ. ਰਾਧਾਕ੍ਰਿਸ਼ਨਨ, ਡਾ. ਸੀ. ਵੀ. ਰਮਨ, ਅਤੇ ਪਹਿਲਾਂ ਮਹਾਤਮਾ ਗਾਂਧੀ ਪਗੜੀ ਬੰਨ੍ਹਦੇ ਸਨ।

ਬਾਬਾ ਸ਼ੇਖ ਫਰੀਦ, ਬਾਬਾ ਬੁੱਲੇ ਸ਼ਾਹ, ਸਾਈ ਮੀਆਂ ਮੀਰ, ਖਵਾਜਾ ਮੋਇਨੁਦੀਨ ਚਿਸ਼ਤੀ, ਸਈਅਦ ਨਿਜ਼ਾਮੂਦੀਨ ਔਲੀਆ, ਕਵੀ ਵਾਰਿਸ ਸ਼ਾਹ ਅਤੇ ਹੋਰ ਸੂਫ਼ੀ ਸੰਤ ਪੱਗ ਬੰਨ੍ਹਦੇ ਸਨ। ਮੁਸਲਮਾਨ ਬਾਦਸ਼ਾਹ ਪਗੜੀ ਨੂੰ ਆਪਣੀ ਰਾਜਸੀ ਤੇ ਵਿਅਕਤੀਗਤ ਸ਼ਾਨ ਅਤੇ ਸਰਦਾਰੀ ਦਾ ਚਿੰਨ੍ਹ ਸਮਝਦੇ ਸਨ। ਮੁਗਲ ਰਾਜ, ਖਾਸ ਕਰਕੇ ਔਰੰਗਜ਼ੇਬ, ਵੇਲੇ ਸਿਰਫ਼ ਮੁਸਲਮਾਨਾਂ ਨੂੰ ਹੀ ਪੱਗ ਬੰਨ੍ਹਣ ਦੀ ਖੁੱਲ ਸੀ। ਬਾਅਦ ਵਿੱਚ ਵੀ 'ਉੱਚੇ' ਖਾਨਦਾਨਾਂ ਦੇ ਮੁਸਲਮਾਨ ਪਗੜੀ ਬੰਨ੍ਹਦੇ ਰਹੇ। ਮੌਲਵੀ, ਕਾਜ਼ੀ, ਮੁਨਸਫ਼ ਅਤੇ ਹੋਰ ਆਗੂ ਅੱਜ ਵੀ ਪੱਗ ਬੰਨ੍ਹਦੇ ਹਨ। ਅਰਬ ਦੇਸ਼ਾਂ ਦੇ ਮੁਖੀ (ਅਮੀਰ, ਸ਼ੇਖ) ਅਤੇ ਆਮ ਲੋਕ ਵੱਖ-ਵੱਖ ਤਰੀਕਿਆਂ ਨਾਲ ਸਿਰ ਢਕ ਕੇ ਰਖਦੇ ਹਨ। ਪੱਗ ਮਲੇਸ਼ੀਆ ਦੇ ਸੁਲਤਾਨਾਂ ਦੀ ਪੋਸ਼ਾਕ ਦਾ ਹਿੱਸਾ ਹੈ।

ਭਾਰਤੀ ਸਭਿਆਚਾਰ ਵਿੱਚ ਪੱਗ ਦਾ ਸਥਾਨ ਬਹੁਤ ਉੱਚਾ ਰਿਹਾ ਹੈ। ਮਾਪੇ ਬੱਚਿਆਂ ਨੂੰ ਅਕਸਰ ਕਹਿੰਦੇ ਹਨ,

*'ਮੇਰੀ ਪੱਗ ਨਾ ਰੋਲੀਂ', 'ਮੇਰੀ ਪੱਗ ਦੀ ਲਾਜ ਰਖੀਂ', 'ਮੇਰੀ ਪੱਗ ਨੂੰ ਦਾਗ ਨਾ ਲਗਣ ਦੇਈਂ', ਆਦਿ*।

ਲੋਕ ਪੱਗ ਵਟਾ ਕੇ ਭਰਾ ਬਣਦੇ ਹਨ। ਕਿਸੇ ਦੇ ਸਿਰ ਤੇ ਪੱਗ ਰੱਖਣੀ ਉਸ ਵਿਅਕਤੀ ਦੀ ਇੱਜ਼ਤ ਵਧਾਉਣ, ਅਤੇ ਕਿਸੇ ਦੇ ਪੈਰਾਂ ਵਿਚ ਰੱਖਣੀ ਮਾਫੀ ਮੰਗਣ ਜਾਂ ਅਧੀਨਗੀ ਦੇ ਸੂਚਕ ਹਨ। ਸਨ 1907 ਵਿੱਚ ਸਰਦਾਰ ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ) ਦੀ ਅਗਵਾਈ ਵਿੱਚ ਚੱਲੇ ਕਿਸਾਨ ਅੰਦੋਲਨ ਦੌਰਾਨ ਲਾਲਾ ਬਾਂਕੇ ਦਿਆਲ ਦੇ ਲਿਖੇ ਜੋਸ਼ੀਲੇ ਗੀਤ;

*'ਪਗੜੀ ਸੰਭਾਲ ਜੱਟਾ'* ਨੇ ਆਮ ਲੋਕਾਂ ਵਿਚ ਅਜ਼ਾਦੀ ਦੇ ਜ਼ਜ਼ਬੇ ਦੀ ਨਵੀਂ ਰੂਹ ਫੂਕ ਦਿੱਤੀ ਸੀ।

**ਸਿੱਖੀ ਵਿੱਚ ਦਸਤਾਰ ਦਾ ਮਹੱਤਵ**

ਦਸਤਾਰ ਦਾ ਸਿੱਖੀ ਨਾਲ ਗੂੜ੍ਹਾ ਸਬੰਧ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਸਤਾਰ, ਪਗ, ਪਾਗ, ਪਗਰੀ, ਦੁਮਾਲੜਾ, ਆਦਿ ਸ਼ਬਦ ਹਨ, ਜਿਵੇਂ ਕਿ,

***'ਨਾਪਾਕ ਪਾਕੁ ਕਰਿ ਹਦੂਰਿ ਹਦੀਸਾ, ਸਾਬਤ ਸੂਰਤਿ ਦਸਤਾਰ ਸਿਰਾ॥'*** (ਅੰਗ 1084)

***'ਹਉ ਗੋਸਾਈ ਦਾ ਪਹਿਲਵਾਨੜਾ, ਮੈ ਗੁਰ ਮਿਲਿ ਉਚ ਦੁਮਾਲੜਾ॥'*** (ਅੰਗ 73)

***'ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ'*** (ਅੰਗ 727)

***'ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ'***
(ਅੰਗ 1379)

ਸਾਰੇ ਸਿੱਖ ਗੁਰੂ ਕੇਸਾਧਾਰੀ ਅਤੇ ਦਸਤਾਰਧਾਰੀ ਸਨ। ਗੁਰੂ ਅਰਜਨ ਸਾਹਿਬ ਆਪਣੇ ਸੇਵਕਾਂ ਨੂੰ ਦਸਤਾਰ ਦਾ ਸਿਰੋਪਾ ਬਖ਼ਸ਼ਦੇ ਸਨ। *'ਗੁਰਬਿਲਾਸ ਪਾਤਸ਼ਾਹੀ ਛੇਵੀਂ'* ਵਿੱਚ ਦਸਤਾਰ ਦੀ ਉਪਮਾਂ ਇਸ ਤਰ੍ਹਾਂ ਲਿਖੀ ਹੈ:

***'ਸ੍ਰੀ ਗੁਰ ਪਾਗ ਬਧੀ ਨਿਜ ਸੀਸ। ਦਿਖਿ ਸਭ ਹੀ ਤਬ ਭਏ ਜਗਦੀਸ।'***

ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਲਈ ਦਸਤਾਰ ਸਜਾਉਣੀ ਜ਼ਰੂਰੀ ਕਰ ਦਿੱਤੀ ਸੀ ਤੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਉਂਦੇ ਸਨ। ਇਸ ਸਬੰਧੀ ਅਸਥਾਨ *'ਦਸਤਾਰ ਘਾਟ'* ਪਾਉਂਟਾ ਸਾਹਿਬ ਵਿਖੇ ਸਥਿਤ ਹੈ। ਗੁਰੂ ਸਾਹਿਬ ਨੇ ਆਪ ਮਾਈ ਭਾਗ ਕੌਰ ਤੇ ਪੀਰ ਬੁੱਧੂ ਸ਼ਾਹ ਦੇ ਦਸਤਾਰ ਸਜਾਈ ਸੀ। ਇਤਿਹਾਸਿਕ ਤੌਰ ਤੇ ਦਸਤਾਰ ਸਿੰਘਾਂ ਦੀ ਪੁਸ਼ਾਕ ਦਾ ਅਨਿਖੜਵਾਂ ਹਿੱਸਾ ਬਣ ਗਈ।ਸਿੱਖ ਧਾਰਮਿਕ ਅਸਥਾਨਾਂ ਵਿੱਚ ਸਨਮਾਨ ਦਸਤਾਰ ਜਾਂ ਸਿਰੋਪਾਓ ਨਾਲ ਕਰਨ ਦਾ ਰਿਵਾਜ ਹੈ। ਬਹੁਤੇ ਸਿੱਖ ਪ੍ਰਵਾਰ ਬੱਚੇ ਨੂੰ ਪਹਿਲੀ ਵਾਰ ਪੱਗ ਬੰਨ੍ਹਣ ਦੀ ਰਸਮ (ਦਸਤਾਰਬੰਦੀ) ਧੂਮ-ਧਾਮ ਨਾਲ ਮਨਾਉਂਦੇ ਹਨ।ਸਿੱਖ ਲਿਖਤਾਂ ਵਿੱਚ ਦਸਤਾਰ ਦੀ ਮਹਾਨਤਾ ਦੱਸੀ ਹੈ:

***'ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ; ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ।'***
(ਸਿੱਖ ਰਹਿਤ ਮਰਯਾਦਾ)

***'ਨਾਈ ਕਾ ਹਾਥ ਸੀਸ ਚਿਹਰੇ ਨਾ ਲਗਾਣਾ ਪਾਵੇ, ਕੇਸ ਪਗੜੀਧਾਰੀ ਗੁਰੂ ਕਾ ਸਿਖ ਕਹਾਵੇ।'***
(ਭਾਈ ਕੇਸਰ ਸਿੰਘ)

***'ਕੇਸਾਂ ਨੂੰ ਗੰਦਾ ਹਥ ਲਗਾਵੇ ਸੋ ਤਨਖਾਹੀਆ, ਕੇਸਾਂ ਨੂੰ ਵਾਲ ਆਖੇ ਸੋ ਤਨਖਾਹੀਆ, ਦਸਤਾਰ ਨੂੰ ਟੋਪੀ ਵਾਂਗਰਾਂ ਰਖੇ ਸੋ ਤਨਖਾਹੀਆ।'*** (ਭਾਈ ਚੋਪਾ ਸਿੰਘ)

***'ਨਗਨ ਹੋਇ ਬਾਹਿਰ ਫਿਰੇ ਨਗਨ ਸੀਸ ਜੋ ਖਾਇ,***
***ਨਗਨ ਪ੍ਰਸਾਦਿ ਜੋ ਬਾਟਹੀ ਤਨਖਾਹੀ ਬਡੋ ਕਹਾਇ।'***
(ਭਾਈ ਨੰਦ ਲਾਲ ਜੀ)

ਮਹਾਰਾਜਾ ਰਣਜੀਤ ਸਿੰਘ ਸਿੱਖ ਦੇ ਸਿਰ ਉੱਤੇ ਸਜੀ ਹੋਈ ਦਸਤਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਸ਼ੋਭਤ ਕੀਤਾ ਤਾਜ ਸਮਝਦਾ ਸੀ। ਉਸਨੇ ਸੁਹਣੀ ਦਸਤਾਰ ਬੰਨ੍ਹਣ ਵਾਲਿਆਂ ਨੂੰ ਕਈ ਵਾਰ ਬਹੁਮੁੱਲੇ ਇਨਾਮ ਦਿੱਤੇ। ਮਹਾਰਾਜੇ ਦੀ ਸੈਨਾ ਵਿਚ ਕੇਸ ਤੇ ਦਸਤਾਰ ਜ਼ਰੂਰੀ ਸਨ। ਦੂਸਰੇ ਧਰਮਾਂ ਤੇ ਦੇਸ਼ਾਂ ਦੇ ਫੌਜੀ ਵੀ ਦਸਤਾਰਧਾਰੀ ਸਨ। ਕੋਹੇਨੂਰ ਹੀਰਾ ਡੌਲੇ ਉੱਤੇ ਬੰਨ੍ਹਣ ਦੀ ਅੰਗਰੇਜ਼ਾਂ ਵਲੋਂ ਨੁਕਤਾਚੀਨੀ ਦੇ ਜਵਾਬ ਵਿਚ ਮਹਾਰਾਜਾ ਨੇ ਕਿਹਾ ਕਿ ਹੀਰਾ ਏਡਾ ਵਡਮੁੱਲਾ ਨਹੀਂ ਕਿ ਗੁਰੂ ਦੀ ਬਖਸ਼ੀ ਹੋਈ ਦਸਤਾਰ ਦੇ ਉੱਪਰ ਸਜੇ। ਯੂਰਪੀ ਇਤਿਹਾਸਕਾਰਾਂ (ਮੈਕਾਲਫ, ਮਾਲਕਮ, ਨਿਗਮ, ਕਨਿੰਘਮ, ਗਾਰਡਨ, ਪੈਰੀ, ਸਕਾਟ) ਅਨੁਸਾਰ ਅਨਕੱਟੇ ਕੇਸਾਂ ਉਤੇ ਸਜੀ ਦਸਤਾਰ ਕਾਰਨ ਇੱਕ ਸਿੱਖ ਸਰਦਾਰ ਸ਼ਹਿਜ਼ਾਦਾ ਜਾਂ ਮਹਾਰਾਜਾ ਜਾਪਦਾ ਹੈ।

ਦਸਤਾਰਧਾਰੀ ਸਿੱਖਾਂ ਦੇ ਉੱਚੇ-ਸੁੱਚੇ ਇਖਲਾਕ, ਸੂਰਬੀਰਤਾ, ਇਮਾਨਦਾਰੀ, ਮਨੁਖਤਾ ਲਈ ਦਰਦ ਤੇ ਪਿਆਰ, ਅਤੇ ਦੀਨ-ਦੁਖੀ ਦੀ ਨਿਸ਼ਕਾਮ ਸੇਵਾ-ਭਾਵ ਵਰਗੇ ਗੁਣਾਂ ਕਰਕੇ ਦੂਜੇ ਧਰਮਾਂ ਦੇ ਲੋਕ ਵੀ ਸਿੱਖਾਂ ਦਾ ਸਤਿਕਾਰ ਕਰਦੇ ਹਨ। ਇਤਿਹਾਸ ਗਵਾਹ ਹੈ ਕਿ ਸਿੰਘਾਂ ਨੇ ਦੁਸ਼ਮਨ ਦੀਆਂ ਇਸਤਰੀਆਂ ਨੂੰ ਪੂਰੀ ਇਜ਼ਤ ਦਿੱਤੀ। ਅੱਜ ਵੀ ਮੁਸੀਬਤ ਵਿੱਚ ਫਸੀ ਔਰਤ, ਚਾਹੇ ਉਹ ਕਿਸੇ ਧਰਮ ਦੀ ਹੋਵੇ, ਦਸਤਾਰ ਵਾਲੇ ਸਰਦਾਰ ਨੂੰ ਦੇਖ ਕੇ ਹੌਸਲੇ ਵਿੱਚ ਆ ਜਾਂਦੀ ਹੈ ਕਿ ਇਹ ਸਿੱਖ ਹਰ ਹੀਲੇ ਉਸਨੂੰ ਤੱਤੀ ਵਾ ਨਹੀਂ ਲੱਗਣ ਦੇਵੇਗਾ। ਗੁਿਰੂ ਦੀ ਰਹਿਮਤ ਹੀ ਹੈ ਜੋ ਸਿੱਖਾਂ ਦਾ ਐਨਾਂ ਵਿਸ਼ਵਾਸ ਅਤੇ ਮਾਣ ਹੈ।

**ਸਾਰ-ਅੰਸ਼ :** ਦੁਨੀਆਂ ਦੇ ਹੋਰ ਸਮਾਜਾਂ ਵਿੱਚ ਪੱਗ ਬੰਨਣ ਦੇ ਸ਼ਾਇਦ ਅਲਗ ਕਾਰਨ ਹੋਣ, ਪ੍ਰੰਤੂ ਸਿੱਖੀ ਵਿੱਚ ਦਸਤਾਰ ਇੱਕ ਧਾਰਮਿਕ ਚਿੰਨ ਅਤੇ ਅਨਕੱਟੇ ਕੇਸਾਂ ਨੂੰ ਸੋਹਣੇ ਤਰੀਕੇ ਨਾਲ ਸੰਭਾਲਣ ਦਾ ਸਾਧਨ ਅਤੇ ਖਾਲਸੇ ਦੀ ਵਿਲੱਖਣ ਪਹਿਚਾਨ ਤੇ ਸ਼ਖਸੀਅਤ, ਅਦੁੱਤੀ ਸ਼ਾਨ, ਸਵੈ-ਮਾਨ, ਉੱਚੇ ਮਨੋਬਲ, ਅਧਿਆਤਮਕ ਤੇ ਧਾਰਮਿਕ ਪ੍ਰਪੱਕਤਾ, ਅਤੇ ਸਰਬ-ਵਿਆਪਕ ਪ੍ਰਮਾਤਮਾ ਅੱਗੇ ਸਮਰਪਨ ਦਾ ਗੌਰਵਮਈ ਚਿੰਨ ਹੈ। ***(ਨੋਟ: ਦਸਤਾਰ ਸਬੰਧੀ ਮੁਸ਼ਕਲਾਂ, ਸੰਘਰਸ਼, ਵਰਤਮਾਨ ਸਥਿਤੀ, ਤੇ ਭਵਿਖ ਦੀ ਲੋੜ ਬਾਰੇ ਲੇਖ ਅਗਲੇ ਅੰਕਾਂ ਵਿਚ ਪੜ੍ਹੋ ਜੀ).***

# ਸਿੱਖ ਦਸਤਾਰ ਸਿਰ ਦਾ ਤਾਜ

ਡਾ. ਰਾਜਬੀਰ ਸਿੰਘ ਭੱਟੀ, ਕੈਲਗਰੀ (ਕੈਨੇਡਾ)

General Jassa Singh Ahluwalia
(1718-1783)



Maharaja Ranjit Singh
(1780-1839)



Prince **Duleep Singh** (1838-1893)
(Youngest son of Maharaja Ranjit Singh)



Maharaja Patiala **Bhupinder Singh** (1891-1938)
(Popularized the ***Patiala-Shahi*** Turban)



**A British Indian Army Soldier**



**General Bikram Singh (COAS-Retd)**
Former Chairman, Chiefs of Staff Committee, India)



# ਜਾਨ ਹੈ ਤਾਂ ਪਕਵਾਨ ਹੈ

ਡਾ. ਬਲਦੇਵ ਸਿੰਘ ਢਿੱਲੋਂ, ਸਾਹਿਬਜਾਦਾ ਅਜੀਤ ਸਿੰਘ ਨਗਰ (ਮੁਹਾਲੀ), ਪੰਜਾਬ (ਭਾਰਤ)



ਕਰੋਨਾ ਮਹਾਮਾਰੀ ਦੇ ਪਹਲੇ ਮਾਰੂ ਹਮਲੇ ਨੇ ਸਾਰੀ ਦੁਨੀਆਂ ਨੂੰ ਹਿਲਾ ਕੇ ਰਖ ਦਿਤਾ । ਮਹਾਮਾਰੀ ਦੇ ਫੈਲਾਅ ਨੂੰ ਰੋਕਣ ਲਈ ਸਰਕਾਰ ਦੇ ਲਾਏ ਕਰਫ਼ਿਊ ਦੇ ਬਾਵਜੂਦ ਬਜਾਰ ਅਤੇ ਫਲਾਂ 'ਤੇ ਸਬਜ਼ੀਆਂ ਦੀ ਮੰਡੀ ਵਿਚ ਭਾਰੀ ਭੀੜ ਦੇਖੀ ਗਈ। ਇਹ ਗੱਲ ਤਾਂ ਸਮਝਦਾ ਹਾਂ ਕਿ ਸਮੇਂ ਨਾਲ ਸਾਡੇ ਸਮਾਜਿਕ-ਆਰਥਿਕ ਵਰਤਾਰੇ ਦੇ ਨਾਲ ਨਾਲ ਸਾਡੇ ਖਾਣ-ਪੀਣ ਦੀਆਂ ਆਦਤਾਂ ਅਤੇ ਪੋਸ਼ਣ ਬਾਰੇ ਸੋਚ ਵਿਚ ਵੱਡੀ ਤਬਦੀਲੀ ਆ ਚੁੱਕੀ ਹੈ।

ਇਨ੍ਹਾਂ ਔਖੇ ਦਿਨਾਂ ਵਿਚ ਖਬਰਾਂ ਵਿਚ ਦਿਸਦੀ ਭੀੜ ਦੇ ਇਨ੍ਹਾਂ ਦ੍ਰਿਸ਼ਾਂ ਨੇ ਪਰੇਸ਼ਾਨ ਕਰ ਦਿੱਤਾ। ਇਸ ਨੇ ਮੈਨੂੰ ਆਪਣੇ ਸਕੂਲ ਦੇ ਦਿਨਾਂ ਵਿਚ ਮਿਲਦੀ ਰੋਟੀ-ਪਾਣੀ ਬਾਰੇ ਯਾਦ ਕਰਵਾ ਦਿੱਤਾ। ਉਦੋਂ ਜਿੱਥੇ ਖ਼ੁਰਾਕ ਸਾਦੀ ਸੀ, ਜੀਵਨ ਵਿਚ ਸਬਰ-ਸੰਜਮ ਵੀ ਸੀ। ਮੈਂ ਹਾਇਰ ਸੈਕੰਡਰੀ ਤੱਕ ਪੜ੍ਹਾਈ ਮਾਝੇ ਵਿਚ ਕੀਤੀ, 1952 ਤੋਂ 1963 ਤਕ। ਉਸ ਸਮੇਂ ਸਵੇਰੇ ਅਚਾਰ ਤੇ ਮੱਖਣ ਨਾਲ ਗਰਮ ਪਰੌਂਠੇ ਮਿਲਦੇ। ਦੁਪਹਿਰ ਵੇਲੇ ਬੀਜੀ (ਬੀਬੀ ਜੀ ਦਾ ਸੰਖੇਪ ਰੂਪ ਜੋ ਹੁਣ ਦੇਖਦਿਆਂ ਦੇਖਦਿਆਂ ਮੰਮੀ ਜਾਂ ਮਾਮਾ ਬਣ ਗਈ) ਪਰੌਂਠਾ ਅਤੇ ਅਚਾਰ ਪੋਣੇ ਵਿਚ ਬੰਨ੍ਹ ਕੇ ਦਿੰਦੇ ਜੋ ਸਕੂਲ ਵਿਚ ਦੁਪਹਿਰ ਤੱਕ ਠੰਢਾ ਹੋ ਜਾਂਦਾ ਸੀ। ਲੌਢੇ ਵੇਲੇ ਘਰ ਵਾਪਸ ਆ ਕੇ ਦੁਪਹਿਰ ਦੀਆਂ ਪੱਕੀਆਂ ਰੋਟੀਆਂ ਕਾੜ੍ਹਨੀ ਦੇ ਮਲਾਈ ਵਾਲੇ ਕੋਸੇ ਦੁੱਧ ਨਾਲ ਮਿਲਦੀਆਂ ਜਿਨ੍ਹਾਂ ਨਾਲ ਕਈ ਵਾਰੀ ਸ਼ੱਕਰ ਜਾਂ ਅਚਾਰ ਵੀ ਮਿਲ ਜਾਂਦਾ ਸੀ। ਸਿਰਫ਼ ਰਾਤ ਦੇ ਖਾਣੇ ਵੇਲੇ ਹੀ ਸਾਨੂੰ ਗਰਮ ਰੋਟੀ ਅਤੇ ਦਾਲ ਜਾਂ ਸਬਜ਼ੀ ਮਿਲਦੀ ਸੀ। ਐਤਵਾਰ ਤੇ ਦੂਜੇ ਸ਼ਨਿਚਰਵਾਰ ਅਤੇ ਛੁੱਟੀਆਂ ਵਿਚ ਹੀ ਰੋਟੀ ਨਾਲ ਦੋ ਵੇਲੇ ਗਰਮ ਦਾਲ ਜਾਂ ਸਬਜ਼ੀ ਨਸੀਬ ਹੁੰਦੀ ਸੀ।

ਮੇਰੇ ਪਿਤਾ ਪੜ੍ਹੇ-ਲਿਖੇ, ਵੈਟਨਰੀ ਮਹਿਕਮੇ ਵਿਚ ਕੰਮ ਕਰਦੇ ਰਹੇ ਸਨ, ਫਿਰ ਪਿੰਡ ਦੇ ਪਹਿਲੇ ਸਰਪੰਚ ਚੁਣੇ ਗਏ ਸਨ। ਆਰਥਿਕ ਵਿਕਾਸ ਨਾਲ ਸਾਡੇ ਘਰ ਖਾਣ-ਪੀਣ ਵਿਚ ਤਬਦੀਲੀਆਂ ਆਈਆਂ।

ਫਲਾਂ ਅਤੇ ਸਬਜ਼ੀਆਂ ਦੀ ਵਰਤੋਂ ਵਿਚ ਵਾਧਾ ਹੋਇਆ ਅਤੇ ਇਹ ਸਾਡੇ ਭੋਜਨ ਦਾ ਜ਼ਰੂਰੀ ਹਿੱਸਾ ਬਣ ਗਏ। ਇਹ ਨਾ ਸਿਰਫ਼ ਪੋਸ਼ਣ ਦੇ ਪੱਖ ਤੋਂ ਬਲਕਿ ਭੋਜਨ ਦੀ ਭਰਪੂਰਤਾ ਪੱਖੋਂ ਵੀ ਚੰਗਾ ਬਦਲਾਓ ਹੈ। ਆਰਥਿਕ ਵਿਕਾਸ ਨਾਲ ਜੇ ਕੋਈ ਅਜਿਹਾ ਕਰਨ ਦੇ ਸਮਰੱਥ ਹੋਵੇ

ਤਾਂ ਕੋਈ ਕਾਰਨ ਨਹੀਂ ਕਿ ਉਸ ਨੂੰ ਐਸਾ ਭੋਜਨ ਨਹੀਂ ਖਾਣਾ ਚਾਹੀਦਾ ਹੈ। ਕਰੋਨਾ ਮਹਾਮਾਰੀ ਦੇ ਰੂਪ ਵਿਚ ਮਾਰੂ ਸਮੱਸਿਆ ਦਾ ਸਾਹਮਣਾ ਕਰਨਾਂ ਪਿਆ। ਇਹ ਵਿਸ਼ਾਣੂ ਬੁਰੀ ਤਰ੍ਹਾਂ ਨਾਲ ਫੈਲਿਆ ਸੀ। ਵਿਕਸਿਤ ਦੁਨੀਆਂ ਨੂੰ ਵੀ ਇਸ ਬਿਮਾਰੀ ਨੇ ਹਿਲਾ ਕੇ ਰੱਖ ਦਿੱਤਾ, ਜਿੱਥੇ ਸਿਹਤ ਸੇਵਾਵਾਂ ਸਾਡੇ ਨਾਲੋਂ ਕਿਤੇ ਵਧੀਆ ਹਨ। ਇਸ ਸਮੱਸਿਆ ਤੋਂ ਬਚਾਅ ਲਈ ਸਰਕਾਰ ਨੇ ਸਮੇਂ ਸਿਰ ਕੁਝ ਕਦਮ ਉਠਾਏ, ਜਿਨਾਂ ਵਿਚ ਇਕ ਦੂਜੇ ਨਾਲੋਂ ਸਰੀਰਕ ਦੂਰੀ ਬਣਾ ਕੇ ਰੱਖਣਾ ਸਭ ਤੋਂ ਮੁੱਖ ਸੀ। ਪਰ ਅਸੀਂ ਇਸ ਨੂੰ ਨਜ਼ਰਅੰਦਾਜ਼ ਕਰ ਕੇ ਇਸ ਮਹਾਮਾਰੀ ਨੂੰ ਸੱਦਾ ਦੇ ਰਹੇ ਸਾਂ।

ਇਸ ਅਣਗਹਿਲੀ ਕਾਰਨ ਅਨੇਕਾਂ ਲੋਕਾਂ ਨੂੰ ਇਹ ਬਿਮਾਰੀ ਲੱਗੀ ਅਤੇ ਕਈਆਂ ਦੀਆਂ ਜਾਨਾਂ ਗਈਆਂ।ਕੀ ਅਸੀਂ ਇਸ ਤੋਂ ਕੋਈ ਸਬਕ ਨਹੀਂ ਲਿਆ? ਅਖਬਾਰ ਵਿਚ ਇਹ ਤਸਵੀਰਾਂ ਦੇਖ ਕੇ ਵੀ ਹੈਰਾਨੀ ਹੋਈ ਜਿਸ ਵਿਚ ਪੁਲੀਸ ਮੁਲਾਜ਼ਮ ਕਿਸੇ ਔਰਤ ਨੂੰ ਕੇਕ ਫੜਾ ਰਿਹਾ ਸੀ।

ਉਹ ਪਰਿਵਾਰ ਆਪਣੇ ਪੁੱਤਰ ਦਾ ਪਹਿਲਾ ਜਨਮ ਦਿਨ ਮਨਾਉਣਾ ਚਾਹੁੰਦਾ ਸੀ। ਮੈਂ ਇਸ ਮੌਕੇ ਦੀ ਖੁਸ਼ੀ ਨੂੰ ਸਮਝਦਾ ਹਾਂ ਪਰ ਅਜਿਹੇ ਔਖੇ ਵੇਲੇ ਇਸ ਤਰ੍ਹਾਂ ਦੀ ਮੰਗ ਦੀ ਤਾਰੀਫ਼ ਕਰਨੀ ਮੇਰੇ ਲਈ ਬਹੁਤ ਮੁਸ਼ਕਿਲ ਹੈ।

ਜਦੋਂ ਪੁਲੀਸ ਕੋਲ਼ ਹੋਰ ਅਤਿ ਜ਼ਰੂਰੀ ਕੰਮ ਸਨ ਅਤੇ ਉਹ ਹਰ ਵੇਲ਼ੇ ਅਹਿਮ ਜ਼ਿੰਮੇਵਾਰੀਆਂ ਨਿਭਾਉਣ ਲਈ ਦਿਨ ਰਾਤ ਜੁਝੀ ਸੀ। ਇਸ ਘਟਨਾ ਨਾਲ ਜੁੜੀ ਪੁਲੀਸ ਦੀ ਸਦਭਾਵਨਾ ਵੀ ਸਮਝ ਆਉਂਦੀ ਹੈ। ਹੋ ਸਕਦਾ ਹੈ, ਜੇ ਮੈਂ ਵੀ ਪੁਲੀਸ ਵਿਚ ਹੁੰਦਾ ਤੇ ਮੈਨੂੰ ਅਜਿਹਾ ਕੁਝ ਕਰਨਾ ਪੈਂਦਾ ਤਾਂ ਇਹ ਸਭ ਕਰ ਦਿੰਦਾ ਪਰ ਮੇਰਾ ਮਨ

ਖੁਸ਼ ਨਹੀਂ ਸੀ ਹੋਣਾ। ਮੈਨੂੰ ਆਪਣੇ ਵਰਗੇ ਹੋਰ ਲੋਕਾਂ ਬਾਰੇ ਹੈਰਾਨੀ ਹੁੰਦੀ ਹੈ ਜਿਨ੍ਹਾਂ ਨੂੰ ਆਪਣੀ ਅਸਲ ਜਨਮ ਤਰੀਕ ਦਾ ਪਤਾ ਨਹੀਂ ਅਤੇ ਜਿਨ੍ਹਾਂ ਨੇ ਕਦੇ ਆਪਣਾ ਜਨਮ ਦਿਨ ਵੀ ਨਹੀਂ ਮਨਾਇਆ।

ਮੇਰਾ ਸਵਾਲ ਹੈ ਕਿ ਸਾਡੀਆਂ ਲੋੜਾਂ ਕੀ ਹਨ ਅਤੇ ਸਾਡੀ ਤਰਜੀਹ ਕੀ ਹੈ? ਲੋਕਤੰਤਰੀ ਸਮਾਜ ਵਜੋਂ ਇਸ ਸੰਕਟ

ਸਮੇਂ ਸਾਡੀ ਹਾਲਤ ਚੀਨ ਨਾਲੋਂ ਵੱਖਰੀ ਅਤੇ ਬਾਕੀ ਵਿਕਸਿਤ ਸਮਾਜਾਂ ਦੇ ਵਧੇਰੇ ਨੇੜੇ ਸੀ। ਚੀਨ ਸਖ਼ਤ ਪਾਬੰਦੀਆਂ ਲਾਗੂ ਕਰ ਸਕਦਾ ਸੀ ਪਰ ਲੋਕਤੰਤਰੀ ਦੇਸ਼ ਨਹੀਂ ਕਰ ਸਕਦਾ ਸੀ। ਵਿਕਸਿਤ ਦੁਨੀਆਂ ਦੇ ਤਜਰਬੇ ਅਨੁਸਾਰ ਕਰੋਨਾਵਾਇਰਸ ਜੇਕਰ ਜੰਗ ਨਹੀਂ ਤਾਂ ਲੰਮੀ ਲੜਾਈ ਤੋਂ ਘੱਟ ਨਹੀਂ ਸੀ। ਇਸ ਲਈ ਬਚਾਅ ਦੇ ਤਰੀਕੇ ਪੂਰੇ ਕਾਇਦੇ ਨਾਲ ਅਪਨਾਉਣ ਦੀ ਲੋੜ ਸੀ। ਹੋ ਸਕਦਾ ਸੀ, ਮੁੱਢਲੀਆਂ ਲੋੜਾਂ ਨਾਲ ਹੀ ਜਿਊਣਾ ਪੈਂਦਾਂ ਜਿਸ ਵਿਚ ਦਾਲ-ਰੋਟੀ, ਇਥੋਂ ਤੱਕ ਕਿ ਅਚਾਰ-ਰੋਟੀ ਵੀ ਹੋ ਸਕਦੀ ਹੈ। ਸਾਨੂੰ ਧਿਆਨ ਦੇਣਾ ਪਵੇਗਾ ਕਿ ਅਸੀਂ ਭੀੜ ਦਾ ਹਿੱਸਾ ਬਣ ਕੇ ਇਸ ਰੋਗ ਦੇ ਵਾਧੇ ਦਾ ਕਾਰਨ ਤਾਂ ਨਹੀਂ ਬਣ ਰਹੇ ਸੀ? ਅਸੀਂ ਇਹ ਨਾ ਭੁੱਲੀਏ:

**ਜਾਨ ਹੈ ਤਾਂ ਜਹਾਨ ਹੈ - ਜਾਨ ਹੈ ਤਾਂ ਪਕਵਾਨ ਹੈ।**

**********************************************



**Lecture by Dr Kabal Singh (Canada) Topic ਸਿੱਖੀ ਵਿਚ ਮਨਮੱਤਾਂ (E-Divan Calgary)**

## ਗੁਰਬਾਣੀ ਮੁਤਾਬਿਕ ਸਵਾਲ-ਜਵਾਬ (ਭਾਗ - 3)

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਓਨਟਾਰੀਓ (ਕੈਨੇਡਾ)

### ਸਵਾਲ - 9. ਨਾਮ ਨੂੰ ਮੰਨਣ ਦੇ ਕੀ ਫਾਇਦੇ ਹਨ ?



- ਨਾਮ ਨੂੰ ਮੰਨਣ ਵਾਲ਼ੇ ਮਨੁੱਖ (ਜਿਸ ਨੇ ਅਕਾਲ ਪੁਰਖ ਦਾ ਨਾਮ ਮੰਨ ਲਿਆ ਹੈ; ਭਾਵ ਜਿਸ ਦੀ ਲਗਨ ਨਾਮ ਵਿਚ ਲੱਗ ਗਈ ਹੈ) ਦੀ ਉੱਚੀ ਆਤਮਿਕ ਅਵਸਥਾ ਦੱਸੀ ਨਹੀਂ ਜਾ ਸਕਦੀ । "ਮੰਨੇ ਕੀ ਗਤਿ ਕਹੀ ਨ ਜਾਇ॥" ॥ਅੰਗ 3॥

- ਸੁਰਤਿ ਉੱਚੀ ਹੋ ਜਾਂਦੀ ਹੈ, ਮਨ ਵਿਚ ਜਾਗ੍ਰਤੀ ਆ ਜਾਂਦੀ ਹੈ, (ਮਾਇਆ ਵਿਚ ਸੁੱਤਾ ਮਨ ਜਾਗ ਪੈਂਦਾ ਹੈ) ਅਤੇ ਬੁਧੀ ਤੇਜ/ਨਿਰਮਲ ਹੋ ਜਾਂਦੀ ਹੈ।"ਮੰਨੈ ਸੁਰਤਿ ਹੋਵੈ ਮਨਿ ਬੁਧਿ॥" ॥ਅੰਗ 3॥

- ਸਾਰੇ ਭਵਨਾਂ (ਤਿੰਨਾਂ ਲੋਕਾਂ) ਦੀ ਉਸ ਨੂੰ ਸੋਝੀ ਹੋ ਜਾਂਦੀ ਹੈ (ਕਿ ਹਰ ਥਾਂ ਪ੍ਰਭੂ ਵਿਆਪਕ ਹੈ)। "ਮੰਨੈ ਸਗਲ ਭਵਣ ਕੀ ਸੁਧਿ॥" ॥ਅੰਗ 3॥

- ਉਹ ਮਨੁੱਖ ਜਮ ਦੀਆਂ ਸੱਟਾਂ ਮੂੰਹ ਉੱਤੇ ਨਹੀਂ ਖਾਂਦਾ ਅਤੇ ਉਹ ਜਮਾਂ ਨਾਲ਼ ਨਹੀਂ ਜਾਂਦਾ (ਉਹ ਜਨਮ ਮਰਨ ਦੇ ਗੇੜ ਵਿਚੋਂ ਬਚ ਜਾਂਦਾ ਹੈ) । "ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥" ਅੰਗ 3॥

- ਪਰਮਾਰਥ ਦੇ ਮਾਰਗ ਤੇ ਕੋਈ ਰੋਕ ਨਹੀਂ ਪੈਂਦੀ ਤੇ ਸ਼ੋਭਾ ਖੱਟ ਕੇ ਇੱਜ਼ਤ ਨਾਲ਼ (ਪ੍ਰਲੋਕ) 'ਚ ਜਾਂਦਾ ਹੈ! "ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥" ॥ਅੰਗ 3॥

- ਉਹ ਮਨੁਖ ਭਟਕਣ ਵਾਲ਼ੇ (ਮਾਇਆ ਦੇ) ਰਸਤੇ ਤੇ ਨਹੀਂ ਪੈਂਦਾ ਅਤੇ ਉਸਦਾ ਸੰਬੰਧ ਧਰਮ (ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।।ਅੰਗ 266) ਨਾਲ ਬਣ ਜਾਂਦਾ ਹੈ! "ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ॥" ॥ਅੰਗ 3॥

- ਮੁਕਤੀ (ਗੁਰੂ) ਦੇ ਦਰ/ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। "ਮੰਨੈ ਪਾਵਹਿ ਮੋਖੁ ਦੁਆਰੁ॥" ॥ਅੰਗ 3॥ ਆਪਣੇ ਪਰਵਾਰ ਨੂੰ ਭੀ (ਅਕਾਲ ਪੁਰਖ ਦੀ) ਟੇਕ ਦ੍ਰਿੜ੍ਹ ਕਰਾਉਂਦਾ ਹੈ। "ਮੰਨੈ ਪਰਵਾਰੈ ਸਾਧਾਰੁ॥" ॥ਅੰਗ 3॥

- ਨਾਮ ਨੂੰ ਮੰਨਣ ਵਾਲ਼ਾ (ਗੁਰੂ) ਆਪ ਭੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ਤੇ ਆਪਣੇ ਸਿੱਖਾਂ ਨੂੰ ਭੀ ਪਾਰ ਲੰਘਾਉਂਦਾ ਹੈ! "ਮੰਨੈ ਤਰੈ ਤਾਰੇ ਗੁਰੁ ਸਿਖ॥" ਅੰਗ 3॥

- ਨਾਮ ਨੂੰ ਮੰਨਣ ਵਾਲ਼ੇ ਭਿਖਿਆ ਲਈ ਨਹੀਂ ਭੌਂਦੇ ਫਿਰਦੇ; ਕਿਸੇ ਦਰ ਤੇ ਮੰਗਣ ਨਹੀਂ ਜਾਂਦੇ।"ਮੰਨੈ ਨਾਨਕ ਭਵਹਿ ਨ ਭਿਖ"॥ ਅੰਗ 3॥

- ਸੁਖ ਪੈਦਾ ਹੁੰਦਾ ਹੈ ਤੇ ਉੱਚੀ ਆਤਮਕ ਅਵਸਥਾ ਬਣਦੀ ਹੈ। "ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ ਹੋਈ॥" ਅੰਗ 1241 ॥

- ਲੋਕ ਪ੍ਰਲੋਕ 'ਚ ਇੱਜ਼ਤ ਮਿਲਦੀ ਹੈ ਤੇ ਹਿਰਦੇ ਵਿਚ ਪ੍ਰਭੂ ਆ ਵੱਸਦਾ ਹੈ।"ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ॥" ਅੰਗ 1241॥

- ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ, ਤੇ (ਪਰਮਾਰਥ ਦੇ ਰਾਹ ਵਿਚ) ਕੋਈ ਰੋਕ ਨਹੀਂ ਪੈਂਦੀ। "ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ ॥" ਅੰਗ 1241॥

- ਪਰਮਾਰਥਿਕ ਜੀਵਨ ਦਾ ਰਸਤਾ ਪ੍ਰਤੱਖ ਦਿੱਸਣ ਲੱਗ ਪੈਂਦਾ ਹੈ ਕਿਉਂਕਿ ਨਾਮ ਵਿਚ ਸਾਰਾ ਚਾਨਣ ਹੈ (ਆਤਮਕ ਜੀਵਨ ਦੀ ਸੂਝ ਹੈ)। "ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ" ॥ਅੰਗ 1241॥
- ਪੂਰੇ ਪਰਵਾਰ ਦਾ ਤੇ ਕੁਲ ਦਾ ਉਧਾਰ ਹੁੰਦਾ ਹੈ! "ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ ॥" ਅੰਗ 1241॥
- ਜਿਨ੍ਹਾਂ ਨੇ ਨਾਮ ਨੂੰ ਹਿਰਦੇ ਵਿਚ ਵਸਾ ਲਿਆ ਹੈ ਉਹਨਾਂ ਦੀ ਸਾਰੀ ਸੰਗਤਿ (ਸੰਸਾਰ ਸਮੁੰਦਰ ਤੋਂ) ਪਾਰ ਉਤਰ ਜਾਂਦੀ ਹੈ। "ਨਾਇ ਮੰਨਿਐ ਸੰਗਤਿ ਉਧਰੈ ਜਿਨ ਰਿਦੈ ਵਸਾਇਆ॥" ਅੰਗ 1241॥
- ਜਿਨ੍ਹਾਂ ਨੇ ਜੀਭ ਨੂੰ ਨਾਮ ਨਾਲ਼ ਇਕ-ਰਸ ਕਰ ਲਿਆ, ਉਹ ਨਾਮ ਨੂੰ ਮੰਨ ਕੇ ਤੇ ਸੁਣ ਕੇ (ਮਾਇਆ ਦੇ ਪ੍ਰਭਾਵ ਤੋਂ) ਬਚ ਜਾਂਦੇ ਹਨ (ਉਨ੍ਹਾਂ ਦਾ ਉਧਾਰ ਹੋ ਜਾਂਦਾ ਹੈ)। "ਨਾਇ ਮੰਨਿਐ ਸੁਣਿ ਉਧਰੇ ਜਿਨ ਰਸਨ ਰਸਾਇਆ ॥" ॥ਅੰਗ 1241॥
- ਦੁੱਖ ਦੂਰ ਹੋ ਜਾਂਦੇ ਹਨ ਤੇ ਮਾਇਆ ਵਾਲ਼ੀ ਭੁੱਖ ਮਿਟ ਜਾਂਦੀ ਹੈ। "ਨਾਇ ਮੰਨਿਐ ਦੁਖ ਭੁਖ ਗਈ, ਜਿਨ ਨਾਮਿ ਚਿਤੁ ਲਾਇਆ ॥" ॥ਅੰਗ 1241॥
- ਭੈੜੀ ਮਤਿ ਦੂਰ ਹੋ ਜਾਂਦੀ ਹੈ ਤੇ (ਨਿਰਮਲ) ਮਤਿ ਚਮਕ ਪੈਂਦੀ ਹੈ। "ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥" ॥ਅੰਗ 1242॥
- ਹਉਮੈ ਦੂਰ ਹੋ ਜਾਂਦੀ ਹੈ; ਸਾਰੇ ਹੀ ਰੋਗ ਨਾਸ ਹੋ ਜਾਂਦੇ ਹਨ। "ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ॥" ॥ਅੰਗ 1242॥
- ਮਨ ਵਿਚ ਨਾਮ ਜਪਣ ਦਾ ਚਾਉ ਪੈਦਾ ਹੋ ਜਾਂਦਾ ਹੈ, ਅੰਦਰੋਂ ਨਾਮ ਪਰਗਟ ਹੁੰਦਾ ਹੈ ਤੇ ਸੁਤੇ ਸਿਧ (ਅਡੋਲ ਅਵਸਥਾ ਵਿਚ) ਸੁਖ ਪ੍ਰਾਪਤ ਹੁੰਦੀ ਹੈ।

  "ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ॥" ॥ਅੰਗ 1242॥
- ਮਨ ਵਿਚ ਸ਼ਾਂਤੀ ਪੈਦਾ ਹੁੰਦੀ ਹੈ (ਅੰਦਰ ਠੰਢ ਵਰਤ ਜਾਂਦੀ ਹੈ), ਪ੍ਰਭੂ ਮਨ ਵਿਚ ਆ ਵੱਸਦਾ ਹੈ ਅਤੇ ਮਨੁੱਖ ਪ੍ਰਭੂ ਦੇ ਗੁਣ ਉਚਾਰਨ ਲੱਗ ਪੈਂਦਾ ਹੈ।
- ਨਾਮ ਵਿਚ ਹੀ ਸੁਖ ਪ੍ਰਾਪਤ ਹੁੰਦਾ ਹੈ। "ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ ॥" ॥ਅੰਗ 1242॥
- ਨਾਮ ਵਿਚ ਜੁੜਨ ਵਾਲ਼ੀ ਸੁਰਤੀ ਪੈਦਾ ਹੁੰਦੀ ਹੈ ਤੇ ਨਾਮ ਵਿਚ ਮਤਿ ਪ੍ਰਵਿਰਤ ਹੁੰਦੀ ਹੈ! "ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ ॥" ਅੰਗ 1242॥
- ਮਾਇਆ ਦਾ ਭਰਮ ਕੱਟਿਆ ਜਾਂਦਾ ਹੈ ਤੇ ਫਿਰ (ਜੰਮਣ ਮਰਨ ਦਾ) ਦੁਖ ਨਹੀਂ ਹੁੰਦਾ।
  "ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ ॥ਅੰਗ 1242॥
- ਪ੍ਰਭੂ ਦੀ ਸਿਫ਼ਤਿ-ਸਾਲਾਹ ਕਰੀਦੀ ਹੈ ਤੇ ਪਾਪਾਂ ਵਾਲੀ ਮਤਿ ਧੁਪ ਜਾਂਦੀ ਹੈ। "ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ ॥" ॥ਅੰਗ 1242॥

ਸੁਣਿਐ ਅਤੇ ਮੰਨਿਐ ਤੇ ਜਪੁਜੀ ਸਾਹਿਬ ਵਿਚ ਚਾਰ ਚਾਰ ਪਉੜੀਆਂ ਹਨ ਅਤੇ ਇੰਨੀਆਂ ਹੀ ਪਉੜੀਆਂ ਸਾਰੰਗ ਕੀ ਵਾਰ ਮਹਲਾ 4 ਵਿਚ ਹਨ, ਲੇਕਿਨ ਜਿੰਨਾ ਚਿਰ ਸਾਰੰਗ ਕੀ ਵਾਰ ਮਹਲਾ 4 ਦਾ ਪਾਠ ਨਾ ਕਰੀਏ ਉਨਾਂ ਚਿਰ ਇਹ ਸਪਸ਼ਟ ਨਹੀਂ ਹੁੰਦਾ ਕਿ ਜਪੁਜੀ ਸਾਹਿਬ ਵਿਚ ਸੁਣਿਐ ਅਤੇ ਮੰਨਿਐ ਨਾਮ ਨੂੰ ਮੁਖਾਤਿਬ ਹਨ!

ਜ੍ਹਿਨਾਂ ਨੇ ਗੁਰੂ ਦੇ ਸ਼ਬਦ ਨੂੰ ਸੁਣ ਕੇ ਮੰਨਿਆ ਉਹਨਾਂ ਨਾਲ਼ ਕੀ ਹੁੰਦਾ ਹੈ? ਉਹਨਾਂ ਦਾ ਨਿਜ ਘਰ ਵਿਚ ਵਾਸਾ ਹੁੰਦਾ ਹੈ, ਉਹ ਆਪਣੇ ਮਨ ਵਿਚ ਦਿਨ ਰਾਤ ਪਰਮੇਸ਼ਰ ਦਾ ਧਿਆਨ ਧਰਦੇ (ਭਗਤੀ ਕਰਦੇ) ਹਨ ਅਤੇ ਉਹਨਾਂ ਦੇ ਮਨ ਤੇ ਤਨ ਨਿਰਮਲ ਹੋ ਜਾਂਦੇ ਹਨ ।

"ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥"

"ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ" ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥"
॥ਅੰਗ 27॥

"ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ॥
॥ਅੰਗ 1242॥

## Global Sikh Council (GSC)
## ਗਲੋਬਲ ਸਿੱਖ ਕੌਂਸਿਲ (ਜੀ ਐਸ ਸੀ)

**"ਗਲੋਬਲ ਸਿੱਖ ਕੌਂਸਿਲ" (ਜੀ ਐਸ ਸੀ) ਦੀ ਸਥਾਪਨਾ ਵਿਸ਼ਵ ਭਰ ਦੇ ਸਿੱਖਾਂ ਦੀ ਆਵਾਜ਼ :**

**(Voice of the Sikhs Worldwide)**

ਦੀ ਨੁਮਾਇੰਦਗੀ ਨੂੰ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਵਿੱਚ ਪਹੁੰਚਾਉਣ ਦੇ ਮੁੱਖ ਟੀਚੇ ਨਾਲ ਕੀਤੀ ਗਈ ਸੀ। "**ਗਲੋਬਲ ਸਿੱਖ ਕੌਂਸਿਲ" (ਜੀ ਐਸ ਸੀ)** ਸਮੇਂ-ਸਮੇਂ 'ਤੇ ਵੱਖ-ਵੱਖ ਖੇਤਰਾਂ ਵਿੱਚ ਸਿੱਖ ਭਾਈਚਾਰੇ ਦੇ ਮਹੱਤਵ ਪੂਰਨ ਮੁੱਦਿਆਂ ਨੂੰ ਸਬੰਧਤ ਅਧਿਕਾਰੀਆਂ ਕੋਲ ਉਠਾਉਂਦੀ ਹੈ।

**"ਗਲੋਬਲ ਸਿੱਖ ਕੌਂਸਲ"** ਇੱਕ ਪਲੇਟਫਾਰਮ ਪੇਸ਼ ਕਰਦੀ ਹੈ ਅਤੇ ਇਸਦੇ ਮੈਂਬਰ ਰਾਸ਼ਟਰੀ ਪੱਧਰ ਅਤੇ ਸਥਾਨਕ ਪੱਧਰ ਦੀਆਂ ਸਿੱਖ ਸੰਸਥਾਵਾਂ ਹਨ ਜੋ ਵੱਖ-ਵੱਖ ਦੇਸ਼ਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਵੱਖ-ਵੱਖ ਸਮਰੱਥਾਵਾਂ ਵਿੱਚ ਜੀ ਐਸ ਸੀ ਵਿੱਚ ਸ਼ਾਮਲ ਹੋ ਰਹੇ ਹਨ।

**"ਜੀ ਐਸ ਸੀ"** ਸਿੱਖ ਭਾਈਚਾਰੇ ਨੂੰ ਆਪਣੀ ਮੁਹਾਰਤ ਦੇ ਖਾਸ ਖੇਤਰਾਂ ਵਿੱਚ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਹੋਰ ਸਿੱਖ ਸੰਸਥਾਵਾਂ ਨਾਲ ਨੈੱਟਵਰਕਿੰਗ ਕਰ ਰਿਹਾ ਹੈ। ਨੈੱਟਵਰਕ ਸੰਸਥਾਵਾਂ ਵਿਚੋਂ ਕੁਝ ਨਾਂ ਇਸ ਤਰਾਂ ਹਨ: ਸਿੱਖ ਵਿਜ਼ਡਮ, ਏਕਮਸਿੱਖ, ਸਾਖੀ, ਫਤੇਹ ਫਾਊਂਡੇਸ਼ਨ, ਜੀਵਨ ਜਾਚ, ਸਮਾਰਟ ਸਿੱਖ, ਵਿਸਮਾਦ ਫਿਲਮਾਂ, ਅਤੇ ਖੋਜ ਗੁਰਬਾਣੀ।

**"ਜੀ ਐਸ ਸੀ"** ਨੇ ਨੌਜਵਾਨਾਂ ਦੀ ਸ਼ਮੂਲੀਅਤ, ਮਹਿਲਾ ਸਸ਼ਕਤੀਕਰਨ (**Women Empowerment**) ਅਤੇ ਸਿੱਖੀ ਪੁਨਰਜਾਗਰਣ (**Sikhi Renaissance**) ਵਰਗੇ ਖੇਤਰਾਂ ਵਿੱਚ ਸਿੱਖ ਭਾਈਚਾਰੇ ਦੀ ਸੇਵਾ ਕਰਨ ਲਈ ਕਈ ਪ੍ਰੋਜੈਕਟ ਸ਼ੁਰੂ ਕੀਤੇ ਹਨ।



**Dr. Kala Singh**
**"Pravasi Rattan" Awardee**
**Global Convention of NRIs in**
**British Parliament, April 2018**
**Vice Chairperson –**
**Multi Faith Summit Council of BC**
**BOD and A/Secretary –**
**Global Sikh Council (GSC).**

ਗਲੋਬਲ ਸਿੱਖ ਕੌਂਸਲ

GLOBAL SIKH COUNCIL

VOICE OF SIKHS WORLDWIDE

## ਗਲੋਬਲ ਸਿੱਖ ਕੌਂਸਲ ਵਲੋਂ GENDER EQUALITY ਤੇ ਕਰਵਾਏ ਗਏ ਵੈਬੀਨਾਰ (15 ਅਤੇ 16 ਸਤੰਬਰ 2022) ਵਿੱਚ ਸੁਝਾਏ ਗਏ ਹੱਲ

- **ਘਰ ਵਿੱਚ ਸਮਾਨਤਾ ਦਾ ਅਭਿਆਸ ਹੋਣਾ ਚਾਹੀਦਾ ਹੈ।**

  1) ਲੋਹੜੀ ਵਰਗੇ ਸਾਰੇ ਤਿਉਹਾਰ ਜੇ ਮਨਾਏ ਜਾਂਦੇ ਹਨ, ਤਾਂ ਉਸ ਵਿੱਚ ਇੱਕ ਸਮਾਨਤਾ (ਧੀ/ ਪੁੱਤਰ) ਹੋਣੀ ਚਾਹੀਦੀ ਹੈ।

  2) ਵਿਰਸੇ ਨੂੰ ਬੱਚਿਆਂ ਵਿੱਚ ਬਰਾਬਰ ਵੰਡਿਆ ਜਾਣਾ ਚਾਹੀਦਾ ਹੈ, ਕੋਈ ਖਾਸ ਅੰਤਰ ਨਹੀਂ। ਹੋਣਾ ਚਾਹੀਦਾ। ਜਿਵੇਂ ਕਿ (ਦਾਜ ਅਤੇ ਵਰੀ)।

  3) ਰਵਾਇਤੀ ਤੌਰ 'ਤੇ, ਮਰਦ ਅਤੇ ਔਰਤਾਂ ਦੀਆਂ ਭੂਮਿਕਾਵਾਂ ਪੂਰਕ ਅਤੇ ਬਰਾਬਰ ਮਹੱਤਵਪੂਰਨ ਹੁੰਦੀਆਂ ਹਨ। ਕੋਈ ਭੂਮਿਕਾ ਉੱਤਮ ਜਾਂ ਨੀਵੀਂ ਨਹੀਂ ਹੈ।

  4) ਗੁਰਮਤਿ (ਗੁਰਮੱਤ) ਫਲਸਫਾ ਸਾਡੀ ਨੌਜਵਾਨ ਪੀੜ੍ਹੀ ਨੂੰ ਸਿਖਾਇਆ ਜਾਣਾ ਚਾਹੀਦਾ ਹੈ।

  5) ਮਾਦਾ ਭਰੂਣ ਹੱਤਿਆ ਪੂਰੀ ਤਰ੍ਹਾਂ ਖਤਮ ਹੋਣੀ ਚਾਹੀਦੀ ਹੈ।

- **ਔਰਤਾਂ ਨੂੰ ਸਾਰੇ ਮਾਮਲਿਆਂ ਵਿੱਚ ਬਰਾਬਰ ਦੀ ਭੂਮਿਕਾ ਅਤੇ ਜ਼ਿੰਮੇਵਾਰੀ ਨਿਭਾਉਣ ਲਈ ਆਪਣੇ ਆਪ ਨੂੰ ਸਮਰੱਥ ਬਣਾਉਣਾ ਚਾਹੀਦਾ ਹੈ।**

  ਔਰਤਾਂ ਨੂੰ ਆਪਣੇ ਆਪ ਨੂੰ ਕਰਵਾ ਚੌਥ (ਕਰਵਾ ਚੌਥ) ਅਤੇ ਰੱਖੜੀ (ਰੱਖੜੀ) ਵਰਗੀਆਂ ਰਸਮਾਂ ਵਿੱਚ ਸ਼ਾਮਲ ਨਹੀਂ ਕਰਨਾ ਚਾਹੀਦਾ, ਕਿਉਂਕਿ ਅਜਿਹੇ ਤਿਉਹਾਰ ਉਹਨਾਂ ਵਿੱਚ ਹੀਣਤਾ ਪੈਦਾ ਕਰਦੇ ਹਨ।

- **ਸਿੱਖ ਔਰਤਾਂ ਦੇ ਰੋਲ ਮਾਡਲਾਂ ਨੂੰ ਉਤਸ਼ਾਹਿਤ ਕਰੋ।**
- **ਸਾਰੇ ਧਾਰਮਿਕ ਸਮਾਗਮਾਂ/ਗੁਰਦੁਆਰਿਆਂ/ਸਿੱਖ ਸੰਸਥਾਵਾਂ ਵਿੱਚ ਲਿੰਗ ਸਮਾਨਤਾ (ਮਰਦ ਅਤੇ ਔਰਤ) ਦਾ ਪ੍ਰਚਾਰ ਅਤੇ ਅਭਿਆਸ ਕੀਤਾ ਜਾਣਾ ਚਾਹੀਦਾ ਹੈ।**
- **ਔਰਤਾਂ ਨੂੰ ਵੱਡੀ ਗਿਣਤੀ ਵਿਚ ਗੁਰਦੁਆਰਾ ਪ੍ਰਬੰਧਕਾਂ, ਪ੍ਰਚਾਰਕ ਅਤੇ ਰਾਗੀਆਂ ਦੀ ਜ਼ਿੰਮੇਵਾਰੀ ਸੰਭਾਲਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।**
- **ਲਾਵਾਂ ਦੀ ਵਿਆਹ/ਅਧਿਆਤਮਿਕ ਵਿਆਖਿਆ ਦਾ ਉਦੇਸ਼ ਲਾੜੀ, ਲਾੜੇ ਅਤੇ ਸਾਰੇ ਪਰਿਵਾਰਕ ਮੈਂਬਰਾਂ ਨਾਲ, ਰਸਮ ਤੋਂ ਪਹਿਲਾਂ ਸਾਂਝਾ ਕੀਤਾ ਜਾਣਾ ਚਾਹੀਦਾ ਹੈ।**

  1) ਲਾੜੀ ਅਤੇ ਲਾੜਾ ਦੋਵਾਂ ਨੂੰ ਸਾਰੀਆਂ ਗਤੀਵਿਧੀਆਂ ਵਿੱਚ ਬਰਾਬਰ ਸਮਝਿਆ ਜਾਣਾ ਚਾਹੀਦਾ ਹੈ।

  2) ਲਾੜੀ ਦਾ ਆਖਰੀ ਨਾਮ "ਕੌਰ" ਹੀ ਹੋਣਾ ਚਾਹੀਦਾ ਹੈ। ਸਾਰੇ ਬੱਚਿਆਂ ਦੇ ਨਾਮ ਸਿੰਘ ਅਤੇ ਕੌਰ ਰੱਖੇ ਜਾਣੇ ਚਾਹੀਦੇ ਹਨ। ਇਸ ਲਈ ਪਿਤਾ ਜਾਂ ਮਾਤਾ ਦੇ ਨਾਮ ਲੈਣ ਦੀ ਲੋੜ ਨਹੀਂ ਹੈ।

- **ਔਰਤਾਂ ਨੂੰ ਵਿੱਤੀ ਸੁਤੰਤਰਤਾ ਅਤੇ ਕੈਰੀਅਰ ਦੇ ਮੌਕਿਆਂ ਪ੍ਰਤੀ ਉਤਸ਼ਾਹਿਤ ਕਰਨਾ ਚਾਹੀਦਾ ਹੈ।**

info@globalsikhcouncil.org

www.globalsikhcouncil.org

ਮਿੰਨੀ ਕਹਾਣੀ

# ਨਵਾਂ ਘਰ


## ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

## ਸੰਪਰਕ : 403-404-1450


ਕਰਤਾਰ ਕੌਰ ਦਿਨੋ ਦਿਨ ਉਦਾਸੀ ਦੇ ਆਲਮ ਵਿੱਚ ਡੁੱਬੀ ਜਾ ਰਹੀ ਸੀ। ਛੇ ਕੁ ਮਹੀਨੇ ਪਹਿਲਾਂ, ਉਸ ਦਾ ਜੀਵਨ ਸਾਥੀ ਉਸ ਨੂੰ ਸਦੀਵੀ ਵਿਛੋੜਾ ਦੇ ਗਿਆ। ਉਦੋਂ ਤੋਂ ਉਹ ਬਹੁਤ ਇਕੱਲੀ ਮਹਿਸੂਸ ਕਰਦੀ। ਭਾਵੇਂ ਘਰ ਵਿੱਚ ਨੂੰਹ ਸੀਮਾ, ਪੁੱਤਰ ਗੁਰਜੀਤ ਅਤੇ ਪੋਤਾ ਟਿੰਕੂ- ਤਿੰਨ ਜੀਅ ਹੋਰ ਸਨ, ਪਰ ਸਭ ਆਪੋ ਆਪਣੇ ਵਿੱਚ ਮਸਤ। ਕੋਈ ਵੀ ਦੋ ਘੜੀਆਂ ਉਸ ਕੋਲ ਬਹਿ ਕੇ ਗੱਲ ਨਾ ਕਰਦਾ। ਰਾਤ ਨੂੰ ਨੂੰਹ- ਪੁੱਤ ਕੰਮਾਂ ਤੋਂ ਵਾਪਿਸ ਆਉਂਦੇ ਤੇ ਡਿਨਰ ਕਰ, ਆਪੋ ਆਪਣੇ ਕਮਰਿਆਂ ਵਿੱਚ ਚਲੇ ਜਾਂਦੇ ਜਾਂ ਫਿਰ ਤਿੰਨੇ ਜੀਅ ਫੋਨਾਂ ਤੇ ਅੱਖਾਂ ਗੱਡੀ ਰੱਖਦੇ।

ਉਹ ਹੁਣ ਸੀਨੀਅਰ ਸੈਂਟਰ, ਔਰਤਾਂ ਦੀ ਹੋਣ ਵਾਲੀ ਮਹੀਨਾਵਾਰ ਮੀਟਿੰਗ ਵਿੱਚ ਵੀ ਘੱਟ ਹੀ ਜਾਂਦੀ। ਇਹ ਘਰ ਕਿੰਨੀ ਰੀਝ ਨਾਲ ਉਹਨਾਂ ਦੋਹਾਂ ਨੇ ਬਣਾਇਆ ਸੀ, ਜਿਸ ਦੀਆਂ ਕਿਸ਼ਤਾਂ ਲਾਹੁੰਦਿਆਂ ਹੀ ਉਹਨਾਂ ਦੀ ਸਾਰੀ ਉਮਰ ਬੀਤ ਗਈ ਸੀ। ਉਹੀ ਘਰ ਹੁਣ ਖਾਣ ਨੂੰ ਆਉਂਦਾ ਸੀ। ਅੱਜ ਉਹ ਹਿੰਮਤ ਕਰਕੇ ਘਰੋਂ ਬਾਹਰ ਨਿਕਲੀ ਸੀ। ਸੀਨੀਅਰ ਸੈਂਟਰ ਵੜਦਿਆਂ ਇੱਕ ਭੈਣ ਗਲਵਕੜੀ ਵਿੱਚ ਲੈਂਦੀ ਹੋਈ: “ਸ਼ੁਕਰ ਹੈ ਭੈਣੇ ਤੂੰ ਘਰੋਂ ਬਾਹਰ ਨਿਕਲੀ! ਸਿਆਣੇ ਕਹਿੰਦੇ ਆ- ਦੁੱਖ ਵੰਡਿਆਂ ਅੱਧਾ ਰਹਿ ਜਾਂਦਾ ਤੇ ਖੁਸ਼ੀ ਵੰਡਿਆਂ ਦੁੱਗਣੀ ਹੋ ਜਾਂਦੀ ਆ”।

“ਨਾਲੇ ਸਾਡੇ ਨਾਲ ਘਰਾਂ ‘ਚ ਕੋਈ ਗੱਲ ਕਰਦਾ ਭਲਾ! ਬੱਚੇ ਕੰਮਾਂ ਤੇ, ਨਿਆਣੇ ਫੋਨਾਂ ਤੇ ਉਂਗਲਾਂ ਮਾਰੀ ਜਾਂਦੇ ਆ!” ਦੂਜੀ ਕਹਿਣ ਲੱਗੀ। “ਇਹ ਸਭਾਵਾਂ ਸਾਡਾ ਪਾਸਾ ਥੱਲਣ ਲਈ ਹੀ ਤਾ ਬਣੀਆਂ...ਇੱਕ ਪਾਸੀ ਤਾਂ ਰੋਟੀ ਵੀ ਸੜ ਜਾਂਦੀ ਆ!” ਹੋਰ ਬੋਲੀ। “ਲੈ ਅੱਜ ਤਾਂ ਇਹਨਾਂ ਨੇ ਸੂਟ ਵੀ ਬੜਾ ਸੁਹਣਾ ਪਾਇਆ” ਇੱਕ ਨੇ ਤਾਰੀਫ ਕੀਤੀ।

“ਸੂਟ ਤਾਂ ਤੁਹਾਡੇ ਭਰਾ ਜੀ ਨੇ ਬਥੇਰੇ ਬਣਾ ਕੇ ਦਿੱਤੇ ਹੋਏ ਆ, ਬਸ ਆ ਲੋਕ ਲੱਜ ਤੋਂ ਡਰ ਲੱਗਦਾ, ‘ਲੋਕ ਕੀ ਕਹਿਣਗੇ?’!” ਕਰਤਾਰ ਕੌਰ ਨੇ ਜੁਆਬ ਦਿੱਤਾ। “ਲੋਕਾਂ ਦਾ ਕੀ ਆ ਭੈਣੇ, ਦਾਤੀ ਨੂੰ ਇੱਕ ਪਾਸੇ ਦੰਦੇ ਤੇ ਲੋਕਾਂ ਦੇ ਦੋ ਪਾਸੇ!”

“ਹਾਂ ਸਚ ! ਪਰ ਅੱਜ ਤਾਂ ਮੈਂ ਤੁਹਾਡੇ ਨਾਲ ਇੱਕ ਖੁਸ਼ਖਬਰੀ ਵੀ ਸਾਂਝੀ ਕਰਨ ਆਈ ਆਂ...! ਕਰਤਾਰ ਕੌਰ ਨੇ ਵਿਸ਼ਾ ਬਦਲਿਆ। “ਉਹ ਕਿਹੜੀ ?” ਦੋ ਤਿੰਨ ਇਕੱਠੀਆਂ ਹੀ ਬੋਲ ਪਈਆਂ। "ਭਾਈ, ਮੇਰੇ ਪੁੱਤਰ ਨੇ ਨਵਾਂ ਘਰ ਲੈ ਲਿਆ!" ਉਸ ਦੱਸਿਆ। "ਵਧਾਈਆਂ ਭੈਣੇ ਫਿਰ ਤਾਂ!” “ਪਰ ਇਹ ਘਰ ਵੀ ਤਾਂ ਵਧੀਆ ਸੀ ਹਾਲੇ ਤੁਹਾਡਾ ਪਿਛਲੇ ਸਾਲ ਹੀ ਤਾਂ ਫਰੀ ਹੋਇਆ ਸੀ ਅਜੇ!" ਪਹਿਲੀ ਬੋਲੀ।

"ਗੁਰਜੀਤ ਕਹਿਣ ਲੱਗਾ ਕਿ- ਇਹਨੂੰ ਵੇਚ ਕੇ ਵੱਡਾ ਘਰ ਲੈ ਲਈਏ ਬੀਬੀ। ਨਾਲੇ ਇਹ ਹੁਣ ਪੁਰਾਣਾ ਹੋ ਗਿਆ। ਮੈਂ ਵੀ ਸੋਚਿਆ- ਚਲੋ ਪੁੱਤਰ ਦਾ ਹੀ ਹੈ ਸਾਰਾ ਕੁੱਝ, ਅੱਜ ਵੀ ਤੇ ਕੱਲ੍ਹ ਵੀ। ਸੋ ਮੈਂ ਘਰ ਵੇਚ ਕੇ ਡਾਲਰ ਓਹਦੇ ਹੱਥ ਫੜਾਏ!" ਕਰਤਾਰ ਕੌਰ ਦੱਸਣ ਲੱਗੀ। "ਅੱਛਾ- ਕਦੋਂ ਸ਼ਿਫਟ ਕਰ ਰਹੇ ਹੋ ?" ਇੱਕ ਹੋਰ ਨੇ ਪੁੱਛਿਆ। "ਬੱਸ- ਆਹ ਪਹਿਲੀ ਤਰੀਕ ਨੂੰ ਚਲੇ ਜਾਣਾ ਭੈਣੇ!" "ਲਓ ਜੀ, ਸਾਡੀ ਪਾਰਟੀ ਤਾਂ ਫਿਰ ਹੋ ਗਈ ਨਾ ਪੱਕੀ!" ਇੱਕ ਹੋਰ ਸਹੇਲੀ ਬੋਲੀ।

"ਹਾਂ, ਹਾਂ- ਕਿਉਂ ਨਹੀਂ!" ਉਹ ਖੁਸ਼ੀ 'ਚ ਝੂਮਦੀ ਹੋਈ ਕਹਿਣ ਲੱਗੀ। “ਬੁਰਾ ਨਾ ਮਨਾਈਂ ਭੈਣੇ, ਪਰ ਮੈਂ ਤਾਂ ਕਹਿੰਨੀ ਆਂ ਕਿ- ਸਾਰਾ ਕੁੱਝ ਆਪਣੇ ਜਿਉਂਦੇ ਜੀਅ ਨਹੀਂ ਦੇਣਾ ਚਾਹੀਦਾ ਧੀਆਂ ਪੁੱਤਾਂ ਨੂੰ, ਕੀ ਪਤਾ ਕੱਲ੍ਹ ਦਾ ?” ਇੱਕ ਹੋਰ ਨੇ ਸਿਆਣਪ ਝਾੜੀ।

“ਨਹੀਂ, ਨਹੀਂ- ਮੇਰੀ ਨੂੰਹ ਭਾਵੇਂ ਸਾਡੇ ‘ਚ ਬਹੁਤੀ ਨਹੀਂ ਭਿੱਜਦੀ, ਪੇਕਿਆਂ ਦਾ ਬਾਹਲਾ ਕਰਦੀ ਆ, ਪਰ ਉਹ ਜਾਣੇ...ਮੇਰਾ ਪੁੱਤ ਨਹੀਂ ਇਦਾਂ ਦਾ। ਕੰਮ ‘ਚ ਬਿਜ਼ੀ ਰਹਿੰਦਾ ਵਿਚਾਰਾਂ, ਊਂ ਤਾਂ ਮੇਰਾ ਬਥੇਰਾ ਕਰਦਾ” ਉਸ ਸਫਾਈ ਦਿੱਤੀ।

ਘਰ ਆ ਕੇ ਉਹ ਫਿਰ ਨਵੇਂ ਘਰ ਦੇ ਸੁਪਨਿਆਂ ਵਿੱਚ ਗੁਆਚ ਗਈ। “ਅੱਜ ਫਿਰ ਕਹਾਂਗੀ ਮੁੰਡੇ ਨੂੰ ਕਿ- ਮੈਂਨੂੰ ਦਿਖਾ ਤਾਂ ਲਿਆ, ਇੱਕ ਵਾਰ ਨਵਾਂ ਘਰ, ਪਤਾ ਨਹੀਂ ਕਿਉਂ ਟਾਲਮਟੋਲ ਜਿਹਾ ਕਰ ਦਿੰਦਾ ਰੋਜ਼ !” ਆਪਣੇ ਆਪ ਨਾਲ ਗੱਲਾਂ ਕਰਦੀ ਹੋਈ, ਉਹ ਆਪਣਾ ਸਮਾਨ ਪੈਕ ਕਰਨ ਲੱਗੀ। ਅੱਜ ਗੁਰਜੀਤ ਕੁੱਝ ਜਲਦੀ ਆ ਗਿਆ ਕੰਮ ਤੋਂ। ਆਉਂਦਾ ਹੋਇਆ ਟਿੰਕੂ ਨੂੰ ਵੀ ਸਕੂਲੋਂ ਲੈ ਆਇਆ।

"ਚਲ ਬੀਬੀ, ਅੱਜ ਤੈਂਨੂੰ ਦਿਖਾ ਹੀ ਲਿਆਵਾਂ, ਆਪਣਾ ਘਰ!" ਤੇ ਉਹ ਤਿੰਨੇ ਨਵੇਂ ਘਰ ਵੱਲ ਚਲ ਪਏ।

"ਦਾਦੀ, ਦਾਦੀ... ਆਪਣਾ ਘਰ ਬੜਾ ਈ ਸੁਹਣਾ! ਓਹ ਦੇਖ ਸਾਹਮਣੇ।" ਟਿੰਕੂ ਨੇ ਇੱਕ ਆਲੀਸ਼ਾਨ ਘਰ ਵੱਲ ਇਸ਼ਾਰਾ ਕੀਤਾ।"ਅੱਛਾ...!" ਉਸ ਖੁਸ਼ ਹੁੰਦਿਆਂ ਕਿਹਾ।

ਅੰਦਰ ਵੜਦਿਆਂ ਹੀ, ਪਹਿਲਾਂ ਉਸ ਨੇ ਫੈਮਿਲੀ ਰੂਮ ਦਿਖਾਇਆ, ਫਿਰ ਬੇਸਮੈਂਟ, ਫਿਰ ਉਪਰ ਲਿਵਿੰਗ ਰੂਮ, ਤੇ ਕਿਚਨ। ਕਿਚਨ ਚੋਂ ਦਿਸਦਾ ਬੈਕਯਾਰਡ ਦਾ ਸੁੰਦਰ ਨਜ਼ਾਰਾ। ਥਰੀ ਲੈਵਲ ਘਰ ਸੀ। ਕਰਤਾਰ ਕੌਰ ਨਵਾਂ ਘਰ ਦੇਖ ਦੇਖ, ਬਾਗੋ ਬਾਗ ਹੋ ਰਹੀ ਸੀ।

"ਇਹ ਤੀਸਰੇ ਲੈਵਲ ਤੇ ਚਾਰ ਬੈਡ ਰੂਮ ਨੇ, ਇੱਹ ਮਾਸਟਰ ਬੈੱਡ ਰੂਮ ਹੈ" ਪੁੱਤ ਨੇ ਦੱਸਿਆ।

"ਮੰਮੀ-ਪਾਪਾ ਦਾ ਕਮਰਾ ਦਾਦੀ!" ਟਿੰਕੂ ਕਹਿਣ ਲੱਗਾ। "ਇਹ ਟਿੰਕੂ ਦਾ! “ਮੇਰਾ ਕਮਰਾ ਸੁਹਣਾ ਦਾਦੀ ? ਏਥੇ ਮੈਂ ਆਪਣੇ ਸਾਰੇ ਕੱਪੜੇ ਤੇ ਟੋਆਇਜ਼ ਰੱਖੂੰਗਾ!”

‘ਬਹੁਤ ਸੁਹਣਾ ਪੁੱਤ! ਉਸ ਪੋਤੇ ਨੂੰ ਪਿਆਰ ਦਿੰਦਿਆਂ ਕਿਹਾ। ‘ਇਹ ਗੈਸਟ ਰੂਮ ‘ਤੇ ਇਹ ਚੌਥਾ ਰੂਮ ਕੁੱਝ ਛੋਟਾ ਸੀ, ਇਹ ਬਾਬਾ ਜੀ (ਗੁਰੂ ਗ੍ਰੰਥ ਸਾਹਿਬ) ਦਾ ਕਮਰਾ ਬਣਾ ਦਿੱਤਾ" ਉਹ ਦੱਸ ਰਿਹਾ ਸੀ। "ਆਹ ਚੰਗਾ ਕੀਤਾ ਪੁੱਤ, ਕਈ ਵਾਰੀ ਸਨੋਅ ਵਿੱਚ ਗੁਰਦੁਆਰੇ ਨਹੀਂ ਜਾਇਆ ਜਾਂਦਾ ਤਾਂ ਘਰ ਵਿੱਚ ਬਾਣੀ ਪੜ੍ਹ ਲਿਆ ਕਰਾਂਗੇ!"

ਉਹ ਆਪਣੇ ਪੁੱਤਰ ਦੀ ਸੋਚ ਤੇ ਮਾਣ ਕਰ ਰਹੀ ਸੀ।

"ਤੇ ਪੁੱਤ ਮੇਰਾ ਰੂਮ ਕਿਹੜਾ ?" ਉਸ ਨੇ ਪੁਛਿਆ।

"ਦਾਦੀ, ਦਾਦੀ- ਤੇਰਾ ਰੂਮ ਓਥੇ ਨਵੇਂ ਘਰ ‘ਚ, ਜਿੱਥੇ ਸਾਰੇ ਬੱਚਿਆਂ ਦੇ ਦਾਦਾ- ਦਾਦੀ ਰਹਿੰਦੇ ਆ।" ਟਿੰਕੂ ਸਹਿ ਸੁਭਾਅ ਹੀ ਕਹਿਣ ਲੱਗਾ।

ਕਰਤਾਰ ਕੌਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਹ ਹੈਰਾਨ ਹੋਈ ਸਵਾਲੀਆ ਨਜ਼ਰਾਂ ਨਾਲ ਪੁੱਤ ਵੱਲ ਤੱਕਣ ਲੱਗੀ ?

"ਬੀਬੀ- ਮੈਂ ਕੀ ਕਰਦਾ? ਤੇਰੀ ਨੂੰਹ ਹੀ ਜੁਆਇੰਟ ਫੈਮਿਲੀ 'ਚ ਰਹਿਣ ਨੂੰ ਤਿਆਰ ਨਹੀਂ, ਉਹ ਕਹਿੰਦੀ ਬੀਬੀ ਨੂੰ ਉਥੇ ਕੰਪਨੀ ਮਿਲ ਜਾਊਗ, ਉਦਾਸ ਰਹਿੰਦੀ ਹੈ ਘਰ ਇਕੱਲੀ ਵਿਚਾਰੀ!" ਕਰਤਾਰ ਕੌਰ ਪੱਥਰ ਦੀ ਮੂਰਤੀ ਬਣ ਗਈ।

"ਦਾਦੀ, ਦਾਦੀ...ਮੰਮੀ ਕਹਿੰਦੇ ਸੀ...ਅਸੀਂ ਮਦਰਜ਼ ਡੇ, ਗਰੈਂਡ ਪੇਰੈਂਟਸ ਡੇ ਤੇ ਤੇਰੇ ਲਈ ਫਲਾਵਰ ਲੈ ਕੇ ਮਿਲਣ ਆਇਆ ਕਰਾਂਗੇ।" ਟਿੰਕੂ ਦਾਦੀ ਨੂੰ ਦੱਸੀ ਜਾ ਰਿਹਾ ਸੀ। ਕਰਤਾਰ ਕੌਰ ਦਾ ਹੋਣਹਾਰ ਪੁੱਤਰ, ਮਾਂ ਨਾਲ ਅੱਖ ਨਾ ਮਿਲਾ ਸਕਿਆ ਤੇ ਛੇਤੀ ਨਾਲ ਪੌੜੀਆਂ ਉੱਤਰ ਗਿਆ।

ਕਰਤਾਰ ਕੌਰ ਦੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ ਤੇ ਉਹ ਧੜੱਮ ਕਰਕੇ ਫਰਸ਼ ਤੇ ਡਿਗ ਪਈ।

## We are Proud of Them

**Guru Nanak Dev University, Amritsar, Punjab (India)**
**Awarded Second Highest Rank among All Indian Universities**





Guru Nanak Dev University, Amritsar, has been adjudged as the second-best University in India, with a CGPA of 3.85 out of 4 at ‘A’ Grade, by the National Assessment and Accreditation Council (NAAC) of the Government of India. Tata Institute of Social Sciences (TISS) has a grade of 3.89.

This assessment is based on a set of seven criteria : * Curricular aspects, Teaching-Learning and Evaluation, * Research, Innovations and Extension; * Infrastructure and Learning Resources; * Student Support and Progression; * Governance, Leadership and Management; * Institutional Values and * Best Practices.

The University has seen an increase in its ***h-index*** from 64 to 129 in the last 5 years and has published a total of 19776 research articles. This University has the rare accomplishment of winning the coveted Maulana Abul Kalam Azam Trophy in Sports for the record 24 times. (PTC News).

**Dr Neelam Kaur, MS (Ophthalmology)**




She has been conferred with the prestigious "Excellence in School Education Award" by the Republic of Mauritius for her dedicated services to the education of Economically Challenged Girls and the Empowerment of Women in Punjab, Himachal Pradesh (HP), Rajasthan, and Uttar Pradesh in Northern India. For the last 25 years, she has volunteered as the Advisor (Health-care and Education) at the famous Akal Academy, Baru Sahib (HP)) in India.

**A Multi-faceted Gursikh British Army Officer**



**S. Tajinder Singh Randhawa**, MSc (Cyber Security), MBA, Bachelor of Technology in Electronic and Communication Engineering, is a British Army officer who has worked in UK, Germany, Canada (Alberta), Dubai, Afghanistan, US (Colorado), Kenya, India, France, Belgium, Israel, and Falkland Islands. He comes from Batala, Distt. Gurdaspur, Panjab. He is a gym enthusiast, poet, writer, and an avid reader of *Gurbani*, Punjabi literature and history books. Recently, he had been to India as part of a "British Army delegation".

# ਮੁੱਠੀ ਭਰ ਮਿੱਟੀ ਮੇਰੇ ਖੇਤ ਦੀ

ਡਾ. ਪ੍ਰਿਤ ਪਾਲ ਕੌਰ ਚਾਹਲ, ਵਿੰਨੀਪੈਗ (ਕੈਨੇਡਾ)



ਮੁੱਠੀ ਭਰ ਮਿੱਟੀ ਮੇਰੇ ਖੇਤ ਦੀ...।
ਖੇਤਾਂ ਦੀ ਮਹਿਕ, ਫਿਰਨੀ ਦੀ ਖੁਸ਼ਬੂ
ਤੇ ਕਿੰਨ੍ਹੀ ਸਾਰੀ ਪਿੰਡ ਦੀ ਹਵਾ
ਮੁੱਠੀ ਭਰ ਮਿੱਟੀ ਮੇਰੇ ਖੇਤ ਦੀ
ਹੋ ਸਕਿਆ ਤਾਂ ਲੈ ਆਈਂ ਦੋਸਤਾ
ਤੇਰੇ ਟੈਲੀਫੋਨ ਤੇ ਯਾਦ ਆਇਆ... ।

ਤੂੜ੍ਹੀ ਵਾਲੇ ਢਾਰੇ ਵਿੱਚ, ਦੱਬੇ ਹੋਏ ਬੰਟੇ ਨੇ
ਹਾਕੀ, ਗੁੱਲੀ ਡੰਡੇ ਉੱਤੇ ਮਿਲੀ ਸੀ ਸਜ਼ਾ।
ਸੋ ਕੁੱਝ ਯਾਦਾਂ ਬਚਪਨ ਦੀਆਂ
ਕੁੱਝ ਗੱਲਾਂ ਦਿਲਾਂ ਦੀਆਂ
ਤੇ ਥੋੜ੍ਹੀ ਜਿਹੀ ਜਵਾਨੀ ਦੀ ਅਦਾ
ਮੁੱਠੀ ਭਰ ਮਿੱਟੀ ਮੇਰੇ ਖੇਤ ਦੀ ...।

ਕਰਦਾ ਹਾਂ ਬੰਦ ਅੱਖਾਂ
ਆਂਵਦੀ ਏ ਯਾਦ ਖੂਹ ਦੀ
ਪਾਣੀ ਮਿੱਠਾ ਸ਼ਰਬਤ ਜਿਹਾ।
ਕੁੱਝ ਬੇਰ ਮਲ੍ਹਿਆਂ ਦੇ
ਜੰਗਲ ਜਲੇਬੀਆਂ ਤੇ
ਮੁੱਠੀ ਭਰ ਮਿੱਟੀ ਮੇਰੇ ਖੇਤ ਦੀ ...।

ਆਂਵਦੀ ਏ ਯਾਦ ਜਦੋਂ
ਪਿੰਡ ਦੀਆਂ ਗਲੀਆਂ ਦੀ
ਜਾਂਵਦੀ ਏ ਰੂਹ ਤੜਪਾ।
ਚਾਚੀ ਫੱਤੋ ਦੀਆਂ ਗੱਲਾਂ
ਅਜੇ ਤੱਕ ਇਹ ਦਿਲ ਹੈ ਫ਼ਿਦਾ।
ਮੁੱਠੀ ਭਰ ਮਿੱਟੀ ਮੇਰੇ ਖੇਤ ਦੀ...।

ਰਸੋਈ ਵਾਲੀ ਛੱਤੀ ਉੱਤੇ
ਪਿਆ ਹੋਊ ਪਿੰਨ੍ਹਾ ਇੱਕ
ਮਾਂਝਾ ਲੱਗੀ ਡੋਰਾ ਵਾਲਾ
ਥੱਬਾ ਇੱਕ ਗੁੱਡੀਆਂ ਦਾ
ਲੈ ਕੇ ਨਾਮ ਦੋਸਤੀ ਦਾ
ਵੱਲ ਮੇਰੇ ਦੇਸ਼ ਨੂੰ ਉਡਾਈਂ ਦੋਸਤਾ।

ਆਵੇਂਗਾ ਤਾਂ ਵੇਖ ਲਵੀਂ
ਸਾਂਭ ਸਾਂਭ ਰੱਖੀਆਂ ਨੇ ਚੀਜ਼ਾਂ ਕਈ
ਝੱਲੇ ਨਹੀਂ ਜਾਣੇ ਸਾਥੋਂ ਚਾਅ।
ਇੱਕ ਹੈ ਰੁਮਾਲ ਤੋਹਫ਼ਾ
ਸਾਂਭ ਰੱਖੇ ਹੰਝੂ ਵਿੱਚ
ਸੀ ਲਈ ਜਦੋਂ ਪਿੰਡ ਤੋਂ ਵਿਦਾ।

ਬੱਸ ਇੱਕ ਵਾਰੀ ਸ਼ਕਲ ਦਿਖਾ।
ਘੁੱਗ ਵੱਸੋ, ਖੁਸ਼ ਰਹੋ
ਦਿੰਦਾ ਮੇਰਾ ਦਿਲ ਹੈ ਦੁਆ
ਸੱਭ ਨੂੰ ਪਿਆਰ ਮੇਰਾ
ਦਿੰਦਾ ਮੇਰਾ ਦਿਲ ਇਹ ਸਦਾ
ਨਹੀਂ ਚਾਹੀਦਾ ਕੁੱਝ ਤੇਰੇ ਸਿਵਾ
ਬੱਸ ਇੱਕ ਵਾਰੀ ਸ਼ਕਲ ਦਿਖਾ
ਮੁੱਠੀ ਭਰ ਮਿੱਟੀ ਮੇਰੇ ਖੇਤ ਦੀ...।

## ਪੁਸਤਕ ਸਮੀਖਿਆ–"ਲਿਫਾਫਾ" (ਨਾਵਲ)


## ਲੇਖਕ : ਇੰਜੀਨੀਅਰ ਡੀ. ਐਮ. (ਦੇਵਿੰਦਰ ਮੋਹਨ) ਸਿੰਘ, ਲੁਧਿਆਣਾ

"ਲਿਫਾਫਾ" ਬੜੇ ਮਹੱਤਵਪੂਰਨ ਅਜੋਕੇ ਸਮਾਜਿਕ ਮਸਲਿਆਂ ਤੇ ਇੱਕ ਪ੍ਰਭਾਵਸ਼ਾਲੀ ਅਤ ਵੱਡਮੁੱਲਾ ਨਵਾਂ ਨਾਵਲ ਹੈ। ਇਸ ਵਿਚ ਜਿਥੇ ਬੜੇ ਸੰਤੁਲਿਤ ਅਤੇ ਕਲਾਤਮਕ ਢੰਗ ਨਾਲ ਡਾਕਟਰੀ ਸੇਵਾਵਾਂ ਦੀ ਦੁਨੀਆਂ ਦਾ ਵਰਣਨ ਅਤੇ ਵਿਸ਼ਲੇਸ਼ਣ ਹੈ ਉਥੇ ਸਮਾਜ ਨੂੰ ਅਸਿੱਧੇ ਤੌਰ ਤੇ ਕੁਝ ਬੜੀਆਂ ਲੋੜੀਂਦੀਆਂ ਸੇਧਾਂ ਵੀ ਪ੍ਰਦਾਨ ਕੀਤੀਆ ਗਈਆਂ ਹਨ। ਸਨ 1947 ਵਿਚ ਲੁਧਿਆਣੇ ਆਏ ਇੱਕ ਪਰਿਵਾਰ ਦੀ ਰੋਚਕ ਕਹਾਣੀ ਦੇ ਜ਼ਰੀਏ ਸਿਹਤ ਦੇ ਖੇਤਰ ਵਿਚ ਕਾਰਪੋਰੇਟ ਕਲਚਰ ਵਲੋਂ ਕੱਸੇ ਗਏ ਸ਼ਿਕੰਜੇ ਬਾਰੇ ਸਮਝਣ ਲਈ ਇਸ ਨੂੰ ਪੜ੍ਹਨਾ ਬਹੁਤ ਲਾਹੇਵੰਦ ਹੋਵੇਗਾ। ਡਾ. ਧਰਮਪਾਲ ਸਾਹਿਲ ਵਲੋਂ 18 ਦਸੰਬਰ 2022 ਦੀ "ਅਜੀਤ" ਅਖਬਾਰ ਵਿਚ ਵੀ ਇਸ ਨਾਵਲ ਦਾ ਬੜਾ ਸ਼ਲਾਘਾਯੋਗ ਰਿਵੀਊ ਛਪਿਆ ਹੈ। ਅਜਿਹਾ ਇਕ ਵਿਸ਼ੇਸ਼ ਪ੍ਰੇਰਣਾ ਵਾਲਾ 'ਰਿਵੀਓ' ਡਾ. ਚਰਨਜੀਤ ਸਿੰਘ ਉਡਾਰੀ (ਅਕਾਲ ਡਿਗਰੀ ਕਾਲਜ, ਮਸਤੂਆਣਾਂ ਸਾਹਿਬ, ਸੰਗਰੂਰ, ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ) ਨੇ ਵੀ ਲਿਖਿਆ ਹੈ।

(ਡਾ. ਸੁਰਜੀਤ ਸਿੰਘ ਭੱਟੀ)

## ਏਸੇ ਕਲਮ ਤੋਂ......

- ਪ੍ਰੀਤ ਦੀ ਲੋਰ — (ਕਾਵਿ ਸੰਗ੍ਰਹਿ)
- ਜੀਵਨ ਦੀਪ — (ਕਹਾਣੀ ਸੰਗ੍ਰਹਿ)
- ਵਿਅੱਸਤ ਆਦਮੀ — (ਮਿੰਨੀ ਕਹਾਣੀ ਸੰਗ੍ਰਹਿ)
- ਝੂਠਾ ਮਦੁ ਮੂਲਿ ਨਾ ਪੀਚਈ (ਨਸ਼ਿਆਂ ਖਿਲਾਫ਼ ਪੁਸਤਿਕਾ)
- ਅਮੀਰ ਜ਼ਮਾਨਾ — (ਕਹਾਣੀ ਸੰਗ੍ਰਹਿ)
- ਖ਼ੂਬਸੂਰਤ — (ਪੂਰਾ ਨਾਟਕ–ਪੰਜਾਬੀ)
- ਲਿਫ਼ਾਫ਼ਾ — (ਨਾਵਲ)
- ਖ਼ੂਬਸੂਰਤ — (ਪੂਰਾ ਨਾਟਕ–ਹਿੰਦੀ)
- ਇਕ ਰੁੱਖ, ਸੌ ਸੁਖ — (ਨਿਜੀ ਸਿਰਜਿਤ ਨਜ਼ਮ ਤੇ ਬਣੀ ਲਘੂ ਫਿਲਮ)
- ਉਮਰਾਂ ਦੇ ਪੈਂਡੇ — ਦੂਰਦਰਸ਼ਨ ਜਲੰਧਰ ਦੁਆਰਾ ਲੇਖਕ ਦੇ ਲਾਈਫ਼ ਤੇ ਟਾਈਮਜ਼ ਤੇ ਫਿਲਮ ਬਣਾਈ ਗਈ ਤੇ ਕਈ ਵੇਰਾਂ ਪ੍ਰਦਰਸ਼ਿਤ ਕੀਤੀ ਗਈ।
- ਹਰਿਆਣਾ ਪੰਜਾਬੀ ਸਾਹਿਤ ਅਕੈਡਮੀ, ਪੰਜਾਬੀ ਸੱਥ ਜਲੰਧਰ ਅਤੇ ਹੋਰ ਕਈ ਸੰਸਥਾਵਾਂ ਦੁਆਰਾ ਸੰਪਾਦਿਤ ਕਾਵਿ–ਸੰਗ੍ਰਹਿ ਅਤੇ ਕਹਾਣੀ ਸੰਗ੍ਰਿਹਾਂ 'ਚ ਸ਼ਾਮਿਲ ਰਚਨਾਵਾਂ।
- ਸਪਤਾਹਿਕ ਕਾਲਮ — ਪੰਜਾਬੀ ਟ੍ਰਿਬਿਊਨ 'ਚ ਨਿਰੰਤਰ ਇੱਕ ਸਾਲ ਲਿਖਿਆ।
- ਅਣਗਿਣਤ ਲੇਖ — ਪੰਜਾਬੀ, ਹਿੰਦੀ, ਅੰਗਰੇਜ਼ੀ ਦੇ ਅਖਬਾਰਾਂ, ਮੈਗਜ਼ੀਨਾਂ 'ਚ ਲਿਖੇ ਹਨ।
- ਦੂਰਦਰਸ਼ਨ, ਆਲ ਇੰਡੀਆ ਰੇਡੀਓ ਜਲੰਧਰ ਅਤੇ ਐਫ. ਐਮ. ਗੋਲਡ ਲੁਧਿਆਣਾ ਤੇ (ਕਈ ਲਾਈਵ, ਰਿਕਾਰਡਿਡ ਪ੍ਰੋਗਰਾਮ/ ਇੰਟਰਵਿਊ)



ਨਾਵਲ 'ਲਿਫ਼ਾਫ਼ਾ' ਵਿਚ ਅਜੋਕੇ ਸਮੇਂ ਦੀਆਂ ਕਦਰਾਂ ਕੀਮਤਾਂ ਅਤੇ ਪੈਸੇ ਦੇ ਪ੍ਰਧਾਨ ਹੋ ਜਾਣ ਦੀ ਤਰਜ਼ਮਾਨੀ ਪੂਰੀ ਕਾਮਯਾਬੀ ਨਾਲ ਪੇਸ਼ ਕੀਤੀ ਹੈ। ਮੇਰਾ ਵਿਸ਼ਵਾਸ ਹੈ ਕਿ ਡੀ. ਐੱਮ. ਸਿੰਘ ਦੀ ਸਿਰਜੀ ਇਹ ਕਲਾਸਿਕੀ ਕ੍ਰਿਤ ਪੰਜਾਬੀ ਸਾਹਿਤ ਜਗਤ ਵੱਲੋਂ ਸਮੁੱਚੇ ਸਮਾਜ ਨੂੰ ਇਕ ਵੱਡਮੁਲੀ ਰਾਹ ਦਸੇਰੀ ਸਾਬਿਤ ਹੋਵੇਗੀ।
ਪਦਮ ਭੂਸ਼ਨ
ਡਾ. ਸਰਦਾਰਾ ਸਿੰਘ ਜੌਹਲ
ਇੰਜੀ. ਡੀ. ਐਮ ਸਿੰਘ
ਆਪਣੇ ਵਿਸ਼ੇ ਨਾਲ ਪ੍ਰਤੀਬੱਧਤਾ, ਮੌਲਿਕਤਾ ਤੇ ਰੌਚਕਤਾ ਇੰਜੀ. ਡੀ. ਐੱਮ. ਸਿੰਘ ਦੀਆਂ ਰਚਨਾਵਾਂ ਦੀ ਵਿਸ਼ੇਸ਼ ਪਹਿਚਾਣ ਹੈ, ਜਿਸਦੇ ਫਲਸਰੂਪ ਉਹ ਆਪਣੀ ਰਚਨਾ ਦੇ ਮਾਧਿਅਮ ਰਾਹੀਂ ਸਹਿਜੇ ਹੀ ਕੁਝ ਸਾਰਥਕ ਸੇਧ ਤੇ ਸੁਆਦ ਦੇ ਨਿਬੜਦਾ ਹੈ।
ਡਾ. ਹਰਨਾਮ ਸਿੰਘ 'ਸ਼ਾਨ'
ਚੰਡੀਗੜ੍ਹ
ਪੁਰਖਿਆਂ ਦੀ ਸੱਚੀ ਮਿੱਤਰਤਾ ਕਿਸ ਕਦਰ ਤੇ ਕਿਸ ਸੰਗੀਨ ਹਾਲਾਤ ਵਿੱਚ, ਕਿੰਨਾ ਵੱਡਾ ਯੋਗਦਾਨ ਪਾਉਂਦੀ ਹੈ, ਨਾਵਲ ਲਿਫ਼ਾਫ਼ਾ ਵਿੱਚ ਖ਼ੂਬਸੂਰਤ ਕਲਾਤਮਕਤਾ ਨਾਲ ਚਿਤਰਣ ਕੀਤਾ ਗਿਆ ਹੈ।
ਪਦਮਭੂਸ਼ਨ
ਡਾ. ਸਰਦਾਰਾ ਸਿੰਘ ਜੌਹਲ
ਇੰਜੀ. ਡੀ. ਐੱਮ. ਸਿੰਘ ਕਿਸੇ ਮਜਬੂਰੀ ਕਾਰਨ ਨਹੀਂ ਲਿਖਦਾ, ਇਸ ਵਾਸਤੇ ਨਵੇਂ ਨਵੇਂ ਵਿਚਾਰ ਕਿਧਰੋਂ ਆਪਣੇ ਆਪ ਆਉਂਦੇ ਹਨ ਤੇ ਇਸ ਦੀਆਂ ਰਚਨਾਵਾਂ ਨਿਵੇਕਲਾ ਰੰਗ ਪੇਸ਼ ਕਰਦੀਆਂ ਹਨ।
ਜਸਟਿਸ (ਰਿਟਾ.) ਪ੍ਰੀਤਮ ਸਿੰਘ ਸਫੀਰ
ਨਵੀਂ ਦਿੱਲੀ
ਪੈਂਠਹਾਰੀਆਂ ਦੀ ਲਿਆਕਤੀ ਪ੍ਰਤਿਭਾ ਅਤੇ ਕਲਾਤਮਿਕ ਰੌਸ਼ਨ-ਦਿਮਾਗੀ ਦਾ ਪ੍ਰਤੀਕ ਇੰਜੀ. ਡੀ. ਐੱਮ. ਸਿੰਘ, ਜਮਾਂਦਰੂ ਹੀ ਜ਼ਹੀਨ ਸ਼ਬਦ ਸ਼ਕਤੀਆਂ ਦਾ ਬੋਧੀ ਅਤੇ ਮਨ-ਮਸਤਕੀ ਤੌਫੀਕ ਦਾ ਪੁੰਜ ਹੈ।
ਡਾ. ਆਤਮ ਹਮਰਾਹੀ
ਲੁਧਿਆਣਾ
ਇੰਜੀ. ਡੀ. ਐੱਮ. ਸਿੰਘ ਦੀ ਆਧੁਨਿਕ ਸੰਵੇਦਨਸ਼ੀਲ ਰੁਚੀ ਕਾਰਨ ਵਿਅੰਗ ਉਸ ਦੀ ਕਹਾਣੀ ਕਲਾ ਦਾ ਮੀਰੀ ਗੁਣ ਬਣ ਗਿਆ ਹੈ। ਜਿਤਨੀ ਡੂੰਘੀ ਅਸਾਧਾਰਨਤਾ ਕੋਈ ਕਹਾਣੀਕਾਰ, ਸਾਧਾਰਨਤਾ 'ਚੋਂ ਲੱਭ ਵਿਖਾਂਦਾ ਹੈ ਉਤਨੀ ਹੀ ਉਸਦੀ ਕਹਾਣੀ ਦੀ ਮਹਾਨਤਾ ਵੱਧ ਜਾਂਦੀ ਹੈ। ਦੇਵਿੰਦਰ ਮੋਹਨ ਸਿੰਘ ਵੀ ਆਪਣੀਆਂ ਕੁੱਝ ਕਹਾਣੀਆਂ ਦੇ ਸਾਧਾਰਣ ਵਿਸ਼ਿਆਂ ਪਿੱਛੇ ਲੁਕੇ ਅਸਾਧਾਰਨ ਅਰਥ ਲੱਭ ਵਿਖਾਂਦਾ ਹੈ।
ਡਾ. ਸਵਿੰਦਰ ਸਿੰਘ ਉੱਪਲ
ਨਵੀਂ ਦਿੱਲੀ
Navrang publications
Vill. Chak Amritsaria, Patran Road
Samana-147101
Ph. 01764-224747, 99151-29747
email:-navrang47samana@gmail.com
ISBN 93-91959-34-9
₹ 350/-
ਲਿਫ਼ਾਫ਼ਾ
ਇੰਜੀ. ਡੀ. ਐਮ ਸਿੰਘ
ਲਿਫ਼ਾਫ਼ਾ
HOSPITAL
CHEMIST
EMERGENCY
ਇੰਜੀ. ਡੀ. ਐਮ ਸਿੰਘ

# ਮਾਦਾ ਭਰੂਣ ਹਤਿਆ – 2021 ਦੀ ਰਿਪੋਰਟ

ਡਾ. ਹਰਸ਼ਿੰਦਰ ਕੌਰ, ਐਮ. ਡੀ., ਪਟਿਆਲਾ (ਭਾਰਤ). ਫੋਨ: 0175-2216783



ਇਕ ਸਮਾਗਮ ਵਿਚ ਇਕ ਥ੍ਰੀਵੀਲ੍ਹਰ ਚਲਾਉਣ ਵਾਲੇ ਦੀ ਬੇਟੀ ਦਾ ਸਨਮਾਨ ਹੋਣਾ ਸੀ। ਉਹ ਜੱਜ ਬਣੀ ਸੀ। ਉਸ ਦੇ ਪਿਤਾ ਦੀ ਹਿੰਮਤ ਦੀ ਦਾਦ ਦਿੰਦਿਆਂ ਮੈਂ ਪੁਛਿਆ ਕਿ ਉਸ ਨੂੰ ਧੀ ਦੀ ਪਰਵਰਿਸ਼ ਵੇਲੇ ਕਿੰਨੀਆਂ ਕੁ ਔਕੜਾਂ ਦਾ ਸਾਹਮਣਾ ਕਰਨਾ ਪਿਆ! ਉਸ ਦਸਿਆ, "ਮੈਂ ਇਹ ਗਲ ਕਿਸੇ ਨਾਲ ਸਾਂਝੀ ਨਹੀਂ ਕੀਤੀ ਤੇ ਨਾ ਹੀ ਅਗੋਂ ਕਰਾਂਗਾ। ਤੁਹਾਨੂੰ ਦਸ ਦਿੰਦਾ ਹਾਂ। ਮੇਰੀ ਆਪਣੀ ਕੋਈ ਔਲਾਦ ਨਹੀਂ ਸੀ।ਇਹ ਬੇਟੀ ਮੈਨੂੰ ਝਾੜੀਆਂ ਵਿਚੋਂ ਮਿਲੀ ਸੀ। ਮੈਂ ਇਸ ਨੂੰ ਆਪਣੀ ਸਮਝ ਕੇ ਪਾਲਦਾ ਤੇ ਪੜ੍ਹਾਉਂਦਾ ਰਿਹਾ ਤਾਂ ਜੋ ਇਹ ਵਡੀ ਅਫ਼ਸਰ ਲਗ ਸਕੇ ਤਾਕਿ ਮੈਂ ਇਸ ਦੇ ਅਸਲ ਮਾਪਿਆਂ ਦੀ ਗ਼ਲਤੀ ਸੁਧਾਰ ਸਕਾਂ"। ਅਜਿਹੇ ਨੇਕ ਇਨਸਾਨਾਂ ਸਦਕਾ ਹੀ ਔਰਤ ਦਾ ਵਜੂਦ ਹਾਲੇ ਕਾਇਮ ਹੈ।

'ਯੂਨਾਈਟਿਡ ਨੇਸ਼ਨਸ ਪੌਪੂਲੇਸ਼ਨ ਫੰਡ' **(UNPFA)** ਦੇ ਮੁਤਾਬਿਕ 1970 ਵਿਚ 6 ਕਰੋੜ 10 ਲਖ ਕੁੜੀਆਂ 'ਘਟ' ਸਨ, ਯਾਨਿ ਜੰਮਣ ਤੋਂ ਪਹਿਲੇ ਜਾਂ ਬਾਅਦ ਵਿਚ ਮਾਰ ਦਿਤੀਆਂ ਗਈਆਂ। ਸੰਨ 2020 ਵਿਚ ਇਹ ਗਿਣਤੀ ਇਕ ਅਰਬ 42 ਕਰੋੜ 60 ਲਖ ਤੋਂ ਵੱਧ ਸੀ। ਅਸੀਂ ਭਾਰਤ ਵਿਚ ਹੋਈਏ ਜਾਂ ਬਾਹਰ, ਲਗਭਗ 46 ਕਰੋੜ ਬੇਟੀਆਂ ਮਾਰਨ ਦੇ ਜ਼ਿੰਮੇਵਾਰ ਹਾਂ। ਸੰਨ 2013 ਤੋਂ 2017 ਤਕ ਹਰ ਸਾਲ ਚਾਰ ਲਖ 60 ਹਜ਼ਾਰ ਬੇਟੀਆਂ ਕੁਖ ਵਿਚ ਮਾਰੀਆਂ ਗਈਆਂ ਤੇ 2020 ਵਿਚ ਬਾਕੀ ਵਿਚੋਂ 26.8 ਫੀਸਦੀ ਬਲਾਤਕਾਰਾਂ ਤੋਂ ਬਚਾਉਣ ਤੇ ਆਪਣੀ ਮਰਜ਼ੀ ਦਾ ਵਰ ਨਾ ਲੈਣ ਦੇ ਡਰੋਂ 18 ਸਾਲ ਤੋਂ ਪਹਿਲਾਂ ਹੀ ਵਿਆਹੀਆਂ ਗਈਆਂ। ਅਮੀਰ ਵਧ ਕੁੜੀਮਾਰ ਸਨ।

ਸੰਨ 2016 ਤੋਂ 2018 ਤਕ ਭਾਰਤ ਵਿਚ ਹਰ 1000 ਮੁੰਡਿਆਂ ਪਿਛੇ 899 ਬੇਟੀਆਂ ਜੰਮੀਆਂ। ਇਨ੍ਹਾਂ ਕਤਲਾਂ ਵਿਚ ਮੁਖ ਹਿੱਸੇਦਾਰ ਸੂਬੇ ਸਨ-ਹਰਿਆਣਾ, ਉੱਤਰਾਖੰਡ, ਦਿੱਲੀ, ਗੁਜਰਾਤ, ਰਾਜਸਥਾਨ, ਉੱਤਰ ਪ੍ਰਦੇਸ, ਮਹਾਰਾਸ਼ਟਰ ਤੇ ਪੰਜਾਬ। ਬਿਹਾਰ ਤੇ ਬੰਗਾਲ ਵਿਚ ਪੰਜਾਂ ਵਿਚੋਂ ਦੋ ਕੁੜੀਆਂ ਦਾ ਵਿਆਹ 10 ਤੋਂ 13 ਸਾਲਾਂ ਦੀ ਉਮਰ ਵਿਚ ਹੀ ਕੀਤਾ ਜਾ ਰਿਹਾ ਹੈ। ਕਿਤੇ ਕਿਤੇ ਤਾਂ 8 ਸਾਲਾਂ ਦੀ ਕੁੜੀ ਹੀ ਵਿਆਹ ਦਿਤੀ ਜਾਂਦੀ ਹੈ। ਝਾਰਖੰਡ, ਰਾਜਸਥਾਨ, ਆਂਧਰਾ ਪ੍ਰਦੇਸ ਤੇ ਮੱਧ ਪ੍ਰਦੇਸ ਵਿਚ ਤਿੰਨਾਂ ਵਿਚੋਂ ਇਕ ਕੁੜੀ ਦਾ ਵਿਆਹ 13 ਸਾਲਾਂ ਤੋਂ ਪਹਿਲਾਂ ਹੀ ਕੀਤਾ ਜਾ ਰਿਹਾ ਹੈ। ਦੁਨੀਆ ਭਰ ਵਿਚ ਹਰ ਪੰਜਾਂ ਵਿਚੋਂ ਇਕ ਬੇਟੀ ਦਾ ਬਾਲ ਵਿਆਹ ਹੋ ਜਾਂਦਾ ਹੈ।

ਪ੍ਰਮੁਖ ਕਾਰਨ ਸਰੀਰਕ ਸ਼ੋਸ਼ਣ ਤੋਂ ਬਚਾਉਣਾ ਸੀ। ਬਲਾਤਕਾਰੀਆਂ ਕਰਕੇ ਮਾਪੇ ਧੀਆਂ ਨੂੰ ਛੋਟੇ ਹੁੰਦਿਆਂ ਹੀ ਵਿਆਹੁਣ ਉੱਤੇ ਮਜਬੂਰ ਹੋ ਜਾਂਦੇ ਸਨ। ਬਾਕੀ ਕਾਰਨ ਸਨ: ਗਰੀਬੀ, ਪੜ੍ਹਾਈ ਨਾ ਕਰਵਾ ਸਕਣਾ, ਕੰਮ ਕਾਰ ਦੀ ਘਾਟ ਸਦਕਾ ਬੇਟੀ ਨੂੰ ਭਾਰ ਮੰਨਣਾ, ਦਾਜ ਤੋਂ ਬਚਣ ਲਈ ਵਡੇਰੀ ਉਮਰ ਵਾਲੇ ਨਾਲ ਵਿਆਹ ਦੇਣਾ ਅਤੇ ਬੇਟੀ ਦੀ ਮਰਜ਼ੀ ਨਾਲ ਵਿਆਹ ਹੋਣ ਤੋਂ ਰੋਕਣਾ।

ਸਭ ਤੋਂ ਵਧ ਉਨ੍ਹਾਂ ਨਾਬਾਲਗ ਬੇਟੀਆਂ ਦੇ ਵਿਆਹ ਹੋਏ ਜਿਨ੍ਹਾਂ ਦੇ ਘਰ ਅਤਿ ਦੀ ਗ਼ਰੀਬੀ ਸੀ। ਨਾ ਉਨ੍ਹਾਂ ਨੂੰ ਪੜ੍ਹਾਇਆ ਤੇ ਨਾ ਹੀ ਖਾਣ ਨੂੰ ਕੁਝ ਦਿਤਾ ਜਾਂਦਾ ਹੈ। ਉਨ੍ਹਾਂ ਨੂੰ 'ਭਾਰ' ਤੇ 'ਪਰਾਇਆ ਧਨ' ਕਿਹਾ ਜਾਂਦਾ ਹੈ। ਜੇ ਬੇਟੀਆਂ ਦੀ ਪੜ੍ਹਾਈ ਘਟੋ-ਘਟ ਅਠਵੀਂ ਤਕ ਲਾਜ਼ਮੀ ਕਰ ਦਿਤੀ ਜਾਏ ਤਾਂ ਇਨ੍ਹਾਂ ਵਿਚੋਂ ਅੱਧੀਆਂ ਤੋਂ ਵਧ 14 ਸਾਲ ਦੀ ਉਮਰ ਜ਼ਰੂਰ ਟਪ ਜਾਣਗੀਆਂ।

ਵਿਸ਼ਵ ਪਧਰ ਉੱਤੇ ਦੋ ਅੰਕੜੇ ਪਰੇਸ਼ਾਨ ਕਰਨ ਵਾਲੇ ਸਨ। ਇਕ ਤਾਂ ਜਿਹੜੀਆਂ ਭਾਰਤੀ ਬੇਟੀਆਂ 18 ਸਾਲਾਂ ਤੋਂ ਪਹਿਲੇ ਵਿਆਹੀਆਂ ਗਈਆਂ, ਉਨ੍ਹਾਂ ਵਿਚੋਂ 32 ਫੀਸਦੀ ਆਪਣੇ ਪਤੀਆਂ ਹਥੋਂ, ਜੋ ਲਗਭਗ ਦੁਗਣੀ ਵਡੀ ਉਮਰ ਦੇ ਸਨ, ਬੇਤਹਾਸ਼ਾ ਮਾਰ ਕੁਟਾਈ ਸਹਿ ਰਹੀਆਂ ਸਨ। ਦਸਰੇ, ਇਹੀ ਅੰਕੜੇ ਸਿਰਫ਼ 17 ਫੀਸਦੀ ਸੀ ਜਦੋਂ ਬਾਲਗ ਔਰਤਾਂ ਦੇ ਵਿਆਹ ਕੀਤੇ ਗਏ। ਇਹ ਸਰਵੇਖਣ 8000 ਔਰਤਾਂ ਵਿਚ ਅਤੇ ਪੰਜ ਸੂਬਿਆਂ ਵਿਚ ਹੋਇਆ ਸੀ। ਦੱਖਣੀ ਭਾਰਤ ਵਿਚ 2015-16 ਵਿਚ ਲਗਾਤਾਰ ਜਾਗਰੂਕਤਾ ਫੈਲਾਉਣ ਬਾਅਦ 2005-06 ਨਾਲੋਂ ਬਾਲ ਵਿਆਹ 47 ਫੀਸਦੀ ਘਟ ਗਏ।

ਆਸਟ੍ਰੀਆ ਵਲੋਂ ਕੀਤੀ ਖੋਜ ਅਨੁਸਾਰ ਸੰਨ 2015-16 ਵਿਚ 2.39 ਲਖ ਬਚੀਆਂ ਭਾਰਤ ਵਿਚ ਮਾਰੀਆਂ ਗਈਆਂ। ਖੋਜੀ ਕਰਿਸਟੌਫ ਗਿਲਮੋਟੋ ਅਨੁਸਾਰ ਭਾਰਤ ਵਿਚ ਬੇਟੀਆਂ ਵਿਚੋਂ 90 ਫੀਸਦੀ ਨੂੰ ਘਟ ਖਾਣਾ ਖਾਣ ਨੂੰ ਦਿਤਾ ਜਾਂਦਾ ਹੈ, ਮੁਫ਼ਤ ਟੀਕਾਕਰਨ ਵੀ ਨਹੀਂ ਕਰਵਾਇਆ ਜਾਂਦਾ, ਪੂਰੇ ਕਪੜੇ ਵੀ ਪਾਉਣ ਨੂੰ ਨਹੀਂ ਦਿਤੇ ਜਾਂਦੇ ਤੇ ਲੋੜੋਂ ਵਧ ਕੰਮ ਕਰਵਾ ਕੇ ਇਲਾਜ ਖੁਣੋਂ ਮਰਨ ਦਿਤਾ ਜਾਂਦਾ ਹੈ। ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਤੇ ਮੱਧ ਪ੍ਰਦੇਸ ਵਿਚ ਘਟੋ ਘਟ 22 ਤੋਂ 35 ਫੀਸਦੀ ਲੋਕ ਅਜਿਹੀ ਸੋਚ ਰਖਦੇ ਸਨ। ਇਨ੍ਹਾਂ ਵਿਚੋਂ 74.6 ਫੀਸਦੀ ਪੇਂਡੂ, ਗਰੀਬ, ਘਟ ਪੜ੍ਹੀਆਂ ਤੇ ਅਨੇਕ ਬਚੇ ਜੰਮਣ ਵਾਲੀਆਂ ਮਾਵਾਂ ਦੀਆਂ ਬੇਟੀਆਂ ਸਨ। ਨੰਦਿਤਾ ਸਾਈਕਿਆ ਨੇ ਵੀ ਦਸਿਆ ਕਿ ਇਨ੍ਹਾਂ ਸੂਬਿਆਂ ਵਿਚ ਬੇਟੀਆਂ ਦੀ ਬੇਕਦਰੀ ਹੁਣ ਵੀ ਜਾਰੀ ਹੈ। ਬੇਟੇ ਦੀ ਚਾਹ ਨੇ ਬੇਟੀਆਂ ਦੀ ਵਡੀ ਘਾਟ ਕੀਤੀ, ਜੋ ਔਰਤਾਂ ਉੱਤੇ ਵਧਦੇ ਤਸ਼ੱਦਦ ਅਤੇ ਬਲਾਤਕਾਰਾਂ ਦਾ ਕਾਰਨ ਹਨ।

ਚੀਨ ਵਿਚ 72 ਕਰੋੜ 30 ਲਖ ਤੇ ਭਾਰਤ ਵਿਚ 45 ਕਰੋੜ 80 ਲਖ ਕੁੜੀਆਂ 'ਘਟ' ਹਨ। ਇਨ੍ਹਾਂ ਵਿਚੋਂ ਦੋ ਤਿਹਾਈ ਜੰਮਣ ਤੋਂ ਪਹਿਲਾਂ ਤੇ ਇਕ ਤਿਹਾਈ ਜੰਮਣ ਤੋਂ ਬਾਅਦ ਮਾਰੀਆਂ ਗਈਆਂ। ਚੀਨ ਅਤੇ ਭਾਰਤ ਨੇ ਦੁਨੀਆ ਦੀਆਂ ਮਾਦਾ ਭਰੂਣ ਹਤਿਆਵਾਂ ਦਾ 95 ਫੀਸਦੀ ਹਿਸਾ ਆਪਣੇ ਸਿਰ ਲਿਆ, ਜੋ ਹਰ ਸਾਲ ਇਕ ਕਰੋੜ 50 ਲਖ ਤਕ ਪਹੁੰਚ ਜਾਂਦੀ ਹੈ। ਲੈਨਸਟ ਰਿਸਾਲੇ ਅਨੁਸਾਰ ਇਨ੍ਹਾਂ ਦੋਨਾਂ ਮੁਲਕਾਂ ਵਿਚ ਜਨਮ ਦਰ ਵੀ ਦੁਨੀਆ ਭਰ ਵਿਚੋਂ ਸਭ ਤੋਂ ਵਧ ਹੈ। ਕੁੜੀਆਂ ਦੀ ਘਟਦੀ ਗਿਣਤੀ ਸਦਕਾ ਅਣਵਿਆਹੇ ਮੁੰਡਿਆਂ ਦੀ ਭਰਮਾਰ, ਜੋ ਹੋਰਨਾਂ ਮੁਲਕਾਂ ਵਿਚੋਂ ਪਤਨੀਆਂ ਭਾਲਦੇ ਹਨ ਜਾਂ ਜਬਰ ਜ਼ਨਾਹ ਕਰ ਕੇ ਸਰੀਰਕ ਭੁਖ ਮਿਟਾਉਂਦੇ ਹਨ।

ਇਸ ਸਾਲ ਭਾਰਤ ਵਿਚ ਨੌਂ ਵਿਚੋਂ ਇਕ ਧੀ ਕੁਖ ਵਿਚ ਮਾਰੀ ਜਾਣ ਨਾਲ 13.5 ਫੀਸਦੀ ਜਨਮ ਹੀ ਨਹੀਂ ਲੈ ਰਹੀਆਂ। ਭਾਰਤ ਤੇ ਵੀਅਤਨਾਮ ਵਿਚ ਬੇਟੀਆਂ ਪ੍ਰਤੀ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ। 'ਪਰਾਏ' ਦੀ ਥਾਂ 'ਆਪਣਾ ਧਨ' ਕਹਿਣ ਉੱਤੇ ਜ਼ੋਰ ਪਾਇਆ ਜਾਣ ਲਗ ਪਿਆ। ਔਰਤਾਂ ਲਈ ਰੈਜ਼ਰਵੇਸ਼ਨ ਤੇ ਉਨ੍ਹਾਂ ਦੀਆਂ ਹਾਸਲ ਕੀਤੀਆਂ ਸਫ਼ਲਤਾਵਾਂ ਉਜਾਗਰ ਕੀਤੀਆਂ ਜਾਣ ਲਗ ਪਈਆਂ ਹਨ। ਇਕੱਲੀਆਂ ਬੇਟੀਆਂ ਵਾਲੇ ਟੱਬਰ ਲਈ ਵੀ ਮਾਣ ਸਨਮਾਨ ਜਾਂ ਸਰਕਾਰੀ ਸਹੂਲਤਾਂ ਐਲਾਨ ਕੀਤੀਆਂ ਗਈਆਂ ਹਨ। ਮੁਫ਼ਤ ਵਿਦਿਆ, ਕਿਤਾਬਾਂ, ਵਰਦੀਆਂ, ਸਕੂਲੀ ਖਾਣਾ ਆਦਿ ਵਰਗੀਆਂ ਕਈ ਹੋਰ ਸਹੂਲਤਾਂ ਵੀ ਦਿਤੀਆਂ ਜਾ ਰਹੀਆਂ ਹਨ।

**'ਅਪਨੀ ਬੇਟੀ ਅਪਨਾ ਧਨ'**

ਦਾ ਨਾਰਾ ਵੀ ਭਾਰਤ ਵਿਚ ਦਿੱਤਾ ਗਿਆ ਹੈ। ਇਸ ਦੇ ਬਾਵਜੂਦ ਧੀਆਂ ਦਾ ਕੁਖ ਵਿਚ ਜਾਂ ਜੰਮਣ ਬਾਅਦ ਮਾਰਿਆ ਜਾਣਾ ਜਾਰੀ ਹੈ। ਗਰੀਬ ਘਰਾਂ ਲਈ ਨੂੰਹਾਂ ਮਿਲਣੀਆਂ ਔਖੀਆਂ ਹੋ ਰਹੀਆਂ ਹਨ। ਭਵਿਖ ਵਿਚ ਅਮੀਰ ਘਰ ਹੋਰਨਾਂ ਦੀਆਂ ਬੇਟੀਆਂ ਦੇ ਬਾਲ ਵਿਆਹ ਕਰਵਾਉਣਗੇ ਜਾਂ ਨੂੰਹਾਂ ਖ਼ਰੀਦ ਲਿਆਉਣਗੇ।

2050 ਤਕ 50 ਸਾਲਾ ਅਣਵਿਆਹੇ ਭਾਰਤੀ ਮਰਦਾਂ ਵਿਚ 10 ਫੀਸਦੀ ਹੋਰ ਵਾਧਾ ਹੋ ਜਾਣਾ ਹੈ। ਗਰੀਬ ਘਰਾਂ ਦੇ ਬੇਰੁਜ਼ਗਾਰਾਂ ਕੋਲ ਸਮੂਹਕ ਜਬਰਜ਼ਨਾਹ ਜਾਂ ਘਰ ਵਿਚਲੇ ਭਰਾਵਾਂ ਵਿਚ ਇਕੋ ਭਰਜਾਈ ਵੰਡ ਲਈ ਜਾਵਗੀ! ਗੁਨਾਹਾਂ ਵਿਚ ਵਾਧਾ ਤੇ ਅਣਮਨੁਖੀ ਤਸੀਹੇ ਦਿੱਤੇ ਜਾਂਦੇ ਹਨ। ਸੰਨ 2021 ਦੇ ਅੰਤ ਤਕ ਅਜਿਹੇ ਵਰਤਾਰਿਆਂ ਦੀ ਗਿਣਤੀ 41 ਲਖ ਪਹੁੰਚੇਗੀ ਤੇ 33,000 ਦੇ ਕਰੀਬ ਹੋਰ ਬੇਟੀਆਂ ਬਾਲ ਵਿਆਹਾਂ ਵਲ ਧਕੀਆਂ ਜਾਣਗੀਆਂ। ਕੋਵਿਡ ਮਹਾਂਮਾਰੀ ਦੌਰਾਨ ਲਗਭਗ ਇਕ ਕਰੋੜ 30 ਲਖ ਬੇਟੀਆਂ ਨੌਕਰੀਆਂ ਛੁਟ ਜਾਣ ਅਤੇ ਗਰੀਬੀ ਦੀ ਮਾਰ ਝਲਦੀਆਂ ਜਬਰੀ ਵਿਆਹੀਆਂ ਗਈਆਂ ਅਤੇ 20 ਲਖ ਦੇ ਕਰੀਬ ਨੂੰ ਅੰਦਰੂਨੀ ਅੰਗਾਂ ਦੇ ਵੱਢੇ ਜਾਣ ਦੀ ਪੀੜ ਸਹਿਣੀ ਪੈਂਦੀ ਹੈ।

ਘਰਾਂ ਵਿਚ ਕੈਦ ਬਾਲੜੀਆਂ ਵਿਚੋਂ ਵੀ 41 ਤੋਂ 47 ਫੀਸਦੀ ਘਰੇਲੂ ਹਿੰਸਾ ਜਾਂ ਆਪਣਿਆਂ ਵਲੋਂ ਜਿਸਮਾਨੀ ਸ਼ੋਸ਼ਣ ਦਾ ਸ਼ਿਕਾਰ ਹੋਈਆਂ। ਹੁਣ ਜੇ 3.4 ਬਿਲੀਅਨ ਅਮਰੀਕਨ ਡਾਲਰ ਸੰਨ 2030 ਤਕ ਸਿਰਫ਼ ਧੀਆਂ ਦੀ ਸਕੂਲੀ ਪੜ੍ਹਾਈ, ਚੰਗੀ ਮਾੜੀ ਛੋਹ ਬਾਰੇ ਦਸਣ, ਬੇਟੀਆਂ ਦੀ ਸਰੀਰਕ ਤਾਕਤ ਵਧਾਉਣ ਅਤੇ ਉਨ੍ਹਾਂ ਨੂੰ ਕਮਾਈ ਯੋਗ ਬਣਾਉਣ ਉੱਤੇ ਲਾਏ ਜਾਣ, ਤਾਂ ਹੀ ਆਉਂਦੇ ਸਮੇਂ ਵਿਚ ਬੇਟੀਆਂ ਪ੍ਰਤੀ ਸੋਚ ਵਿਚ ਤਬਦੀਲੀ ਨਜ਼ਰ ਆ ਸਕੇਗੀ।

ਪੁਤਰਾਂ ਤੇ ਆਦਮੀਆਂ ਨੂੰ ਸਕੂਲਾਂ ਕਾਲਜਾਂ ਵਿਚ ਸਿਰਫ਼ ਆਮਦਨ ਕਮਾਉਣ ਦੇ ਸਾਧਨ ਹੀ ਨਾ ਸਿਖਾਏ ਜਾਣ, ਬਲਕਿ ਔਰਤ ਜ਼ਾਤ ਦਾ ਆਦਰ ਕਰਨ ਅਤੇ ਉਸ ਨੂੰ ਬਰਾਬਰੀ ਦਾ ਦਰਜਾ ਦੇਣ ਬਾਰੇ ਸਮਝਾਇਆ ਜਾਵੇ। ਇਸ ਗਲ ਤੇ ਪਾਇਆ ਗਿਆ ਜੋਰ ਘਰੇਲੂ ਹਿੰਸਾ ਉੱਤੇ ਸੰਪੂਰਨ ਰੂਪ ਵਿਚ ਰੋਕੂ! ਜਿਥੇ ਘਰ ਵਿਚ ਪੁਤਰਾਂ ਨੂੰ ਇਕ ਉਦਾਹਰਣ ਮਿਲੇਗੀ ਉੱਥੇ ਪੁਤਰਾਂ ਨੂੰ ਘਰੇਲੂ ਕੰਮਾਂ, ਖ਼ਾਸ ਕਰ ਮਾਂ ਦਾ ਹਥ ਵਟਾਉਣਾ ਸਿਖਾਇਆ ਜਾਣਾ ਚਾਹੀਦਾ ਹੈ। ਵੇਖੀਏ ਹੁਣ ਆਉਣ ਵਾਲਾ ਸਮਾਂ ਚੰਗਾ ਹੋਵੇਗਾ ਜਾਂ ਦਰਿੰਦਗੀ ਕਰਨ ਵਾਲੇ ਰਾਖ਼ਸ਼ਾਂ ਵਿਚ ਵਾਧਾ ਹੋਵੇਗਾ!

## MOOL NANAKSHAHI CALENDAR

| No. | Name | Punjabi | Days | Gregorian | Season |
|---|---|---|---|---|---|
| 1 | Chet | ਚੇਤ | 31 | 14 March | Basant (Spring) |
| 2 | Vaisakh | ਵੈਸਾਖ | 31 | 14 April | Basant (Spring) |
| 3 | Jeth | ਜੇਠ | 31 | 15 May | Summer |
| 4 | Harh | ਹਾੜ | 31 | 15 June | Summer) |
| 5 | Sawan | ਸਾਵਣ | 31 | 16 July | Rainy season |
| 6 | Bhadon | ਭਾਦੋਂ | 30 | 16 August | Rainy season |
| 7 | Assu | ਅੱਸੂ | 30 | 15 September | Autumn |
| 8 | Kattak | ਕੱਤਕ | 30 | 15 October | Autumn |
| 9 | Maghar | ਮੱਘਰ | 30 | 14 November | Winter |
| 10 | Poh | ਪੋਹ | 30 | 14 December | Winter |
| 11 | Magh | ਮਾਘ | 30 | 13 January | Late Winter |
| 12 | Phaggan | ਫੱਗਣ | 30/31 | 12 February | Early Spring |



ਈ ਦੀਵਾਨ ਸੁਸਾਇਟੀ(ਕੈਲਗਰੀ)
ਵਲੋਂ
ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਸਮਰਪਿਤ
ਕੌਮਾਂਤਰੀ ਕਵੀ ਦਰਬਾਰ (ਭਾਗ ੧)
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਪਹੁੰਚ ਰਹੇ ਕਵੀ ਸਹਿਬਾਨ
ਸੁਜਾਨ ਸਿੰਘ ਸੁਜਾਨ
ਟੋਰੰਟੋ
ਬੀਬੀ ਸੁਰਜੀਤ ਕੌਰ
ਸੈਕਰਾਮੈਂਟੋ
ਹਰਦਿਆਲ ਸਿੰਘ ਚੀਮਾ
ਸਿਆਟਲ
ਹਰਮੀਤ ਕੌਰ ਮੀਤ
ਗੁਰਦਾਸਪੁਰ
ਪਰਮਜੀਤ ਸਿੰਘ
ਟੋਰੰਟੋ
ਡਾ. ਹਰੀ ਸਿੰਘ ਜਾਚਕ
ਲੁਧਿਆਣਾ
ਸਿਮਰਜੀਤ ਕੌਰ
ਗਰੇਵਾਲ ਚੰਡੀਗੜ੍ਹ
ਗੁਰਦਿਆਲ ਸਿੰਘ ਨਿਮਰ
ਯਮੁਨਾਨਗਰ
ਬ੍ਰਿਜਮਿੰਦਰ ਕੌਰ
ਜੈਪੁਰ
ਕਰਮਜੀਤ ਸਿੰਘ
ਗਰੇਵਾਲ
ਲੁਧਿਆਣਾ
ਡਾ.ਕਲਿਆਣ ਸਿੰਘ
ਕਲਿਆਣ
ਲਾਹੌਰ
ਮਿਤੀ 10 ਦਸੰਬਰ ਸ਼ਨੀਵਾਰ
ਮਾਧਿਅਮ ਜ਼ੂਮ ਐਪ
ZOOM ID 98294816545
ਸਮਾਂ :
ਕੈਲਗਰੀ 9 AM
ਲਹਿੰਦਾ ਪੰਜਾਬ 9 PM
ਇੰਡੀਆ 9:30 PM
ਟੋਰੰਟੋ 11 AM
ਯੂ ਐਸ ਏ 8 AM

## ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਕਵੀ ਦਰਬਾਰ ਦੀ ਰਿਪੋਰਟ

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ) : 403 404 1450

ਇਹ ਔਨਲਾਈਨ ਕਵੀ ਦਰਬਾਰ "ਕੈਲਗਰੀ ਈ-ਦੀਵਾਨ ਸੋਸਾਇਟੀ" ਵਲੋਂ, 10 ਤੇ 17 ਦਸੰਬਰ ਨੂੰ ਕਰਾਏ ਗਏ। ਪਹਿਲੇ ਦਿਨ ਸੰਸਥਾਪਕ ਡਾ. ਰਾਜਾ ਬਲਰਾਜ ਸਿੰਘ ਜੀਂ ਨੇ ਸਮੂਹ ਕਵੀ ਸਾਹਿਬਾਨ ਨੂੰ 'ਜੀ ਆਇਆਂ' ਕਿਹਾ। ਫਿਰ ਅਮਿਤੋਜ਼ ਕੌਰ ਤੇ ਅਨੁਰੀਤ ਕੌਰ ਨੇ ਸ਼ਬਦ ਸਰਵਣ ਕਰਾਇਆ। ਉਸ ਤੋਂ ਬਾਅਦ ਗੁਰਦੀਸ਼ ਕੌਰ ਗਰੇਵਾਲ ਨੇ ਮੰਚ ਸੰਚਾਲਨ ਦੀ ਸੇਵਾ ਸੰਭਾਲੀ ਤੇ ਕਵੀਆਂ ਦੀ ਜਾਣ ਪਛਾਣ ਕਰਾਉਂਦਿਆਂ ਵਾਰੋ ਵਾਰੀ ਸੱਦਾ ਦਿੱਤਾ।

ਲੁਧਿਆਣੇ ਤੋ ਗੀਤਕਾਰ ਤੇ ਗਾਇਕ ਕਰਮਜੀਤ ਸਿੰਘ ਗਰੇਵਾਲ ਨੇ 'ਦਾਦੀ ਤੋਂ ਪੁੱਛਦੇ ਬੱਚੇ' ਸੁਣਾ ਕੇ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ। ਜੈਪੁਰ ਤੋਂ ਬ੍ਰਿਜਮਿੰਦਰ ਕੌਰ ਨੇ ਵੀ ਮਾਤਾ ਗੁਜਰੀ ਦੀ ਕਵਿਤਾ ਨਾਲ ਸਾਂਝ ਪਾਈ। ਲੁਧਿਆਣੇ ਤੋਂ ਹੀ ਉਸਤਾਦ ਸ਼ਾਇਰ, ਡਾ. ਹਰੀ ਸਿੰਘ ਜਾਚਕ ਨੇ- 'ਗੋਬਿੰਦ ਜਿਹਾ ਨਹੀਂ ਕਿਸੇ ਦਾ ਪੁੱਤ ਹੋਣਾ, ਗੁਜਰੀ ਜਿਹੀ ਨਹੀਂ ਕਿਸੇ ਦੀ ਮਾਂ ਹੋਣੀ' ਕਵਿਤਾ ਬੁਲੰਦ ਆਵਾਜ਼ ਵਿੱਚ ਸੁਣਾਈ। ਲਾਹੌਰ ਤੋਂ ਨਨਕਾਣਾ ਸਾਹਿਬ ਦੇ ਜੰਮਪਲ, ਡਾ. ਕਲਿਆਣ ਸਿੰਘ ਕਲਿਆਣ ਨੇ ਇਕ ਛੋਟੀ ਨਜ਼ਮ ਨਾਲ ਹਾਜ਼ਰੀ ਭਰੀ। ਉਹਨਾਂ ਨਨਕਾਣਾ ਸਾਹਿਬ ਦੇ ਹੈੱਡ ਗਰੰਥੀ ਰਹੇ ਆਪਣੇ ਪਿਤਾ ਬਾਰੇ ਦੱਸਿਆ ਕਿ - ਸੰਤਾਲੀ ਵੇਲੇ ਭਾਵੇਂ ਬਹੁਤ ਔਖਾ ਸਮਾਂ ਕੱਟਿਆ, ਪਰ ਨਨਕਾਣਾ ਸਾਹਿਬ ਨੂੰ ਬੇਦਾਵਾ ਨਹੀਂ ਦੇ ਸਕੇ! ਗੁਰਦਾਸਪੁਰ ਤੋਂ ਹਰਮੀਤ ਕੌਰ ਮੀਤ ਨੇ 'ਦਾਦੀ ਵਲੋਂ ਪੋਤਿਆਂ ਨੂੰ' ਗੀਤ ਸੁਣਾਇਆ। ਚੰਡੀਗੜ੍ਹ ਤੋਂ ਸਿਮਰਜੀਤ ਕੌਰ ਗਰੇਵਾਲ ਅਤੇ ਯਮੁਨਾਨਗਰ ਤੋਂ ਪੰਥਕ ਸ਼ਾਇਰ, ਗੁਰਦਿਆਲ ਸਿੰਘ ਨਿਮਰ ਨੇ ਆਪਣਆਂ ਰਚਨਾਵਾਂ ਰਾਹੀਂ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਨੂੰ ਸਿਜਦਾ ਕੀਤਾ। ਸਿਆਟਲ ਤੋਂ ਨਾਮਵਰ ਸ਼ਾਇਰ ਗੁਰਦਿਆਲ ਸਿੰਘ ਚੀਮਾ ਨੇ ਦੋ ਛੋਟੀਆਂ ਰਚਨਾਵਾਂ ਸੰਗਤ ਨਾਲ ਸਾਂਝੀਆਂ ਕੀਤੀਆਂ।ਪਹਿਲੀ ਔਰਤ ਹੈੱਡ ਗਰੰਥੀ ਰਹੀ, ਬੀਬੀ ਸੁਰਜੀਤ ਕੌਰ (ਸੈਕਰਾਮੈਂਟੋ) ਨੇ ਇਕ ਨਜ਼ਮ ਪੜ੍ਹੀ।

ਟੋਰੰਟੋ ਤੋਂ ਪਰਮਜੀਤ ਸਿੰਘ ਜੀ ਨੇ ਆਪਣੀਆਂ ਬੇਟੀਆਂ ਨਾਲ, ਗੁਰਦੀਸ਼ ਕੌਰ ਦਾ ਲਿਖਿਆ ਗੀਤ - 'ਧੰਨ ਮਾਤਾ ਗੁਜਰੀ' ਗਾ ਕੇ ਸੁਣਾਇਆ। ਸੁਜਾਨ ਸਿੰਘ ਸੁਜਾਨ ਹਾਜ਼ਰ ਨਹੀਂ ਹੋ ਸਕੇ। ਅੰਤ ਤੇ ਜਗਬੀਰ ਸਿੰਘ ਨੇ ਸਮੂਹ ਕਵੀਆਂ ਦਾ ਧੰਨਵਾਦ ਕੀਤਾ ਤੇ ਹੋਸਟ ਗੁਰਦੀਸ਼ ਕੌਰ ਨੂੰ ਵੀ ਆਪਣੀ ਕਵਿਤਾ ਸੁਣਾਉਣ ਲਈ ਕਿਹਾ। ਗੁਰਦੀਸ਼ ਕੌਰ ਨੇ ਆਪਣੀ ਸੱਜਰੀ ਲਿਖੀ ਛੋਟੀ ਬਹਿਰ ਦੀ ਕਵਿਤਾ, 'ਸੂਬੇ ਦੀ ਕਚਹਿਰੀ', ਸੰਗਤ ਨਾਲ ਸਾਂਝੀ ਕੀਤੀ।

17 ਦਸੰਬਰ ਨੂੰ ਮੰਚ ਸੰਚਾਲਨ ਡਾ. ਰਾਜਾ ਬਲਰਾਜ ਸਿੰਘ, ਇੰਜ. ਕਰਮਜੀਤ ਸਿੰਘ ਨੂਰ ਤੇ ਜਗਬੀਰ ਸਿੰਘ ਨੇ ਕੀਤਾ।ਆਰੰਭਤਾ ਸ਼ਬਦ ਗਾਇਨ ਨਾਲ ਹੋਈ। ਉਪਰੰਤ ਇੰਡੀਆ ਅਤੇ ਕੈਨੇਡਾ ਤੋਂ ਆਏ ਕਵੀਆਂ ਨੇ ਇਨ੍ਹਾਂ ਸ਼ਹਾਦਤਾਂ ਬਾਰੇ ਕਵਿਤਾਵਾਂ ਤੇ ਗੀਤਾਂ ਰਾਹੀਂ, ਹਾਜ਼ਰੀ ਲਵਾਈ। ਜਿਸ ਵਿੱਚ ਨਾਮਵਰ ਪੰਥਕ ਸ਼ਾਇਰ - ਇੰਜ. ਕਰਮਜੀਤ ਸਿੰਘ ਨੂਰ ਅਤੇ ਅੰਮ੍ਰਿਤਪਾਲ ਕੌਰ - ਜਲੰਧਰ, ਗੁਰਸ਼ਰਨ ਸਿੰਘ ਪਰਵਾਨਾ - ਸ਼ਾਹਬਾਦ ਮਾਰਕੰਡਾ, ਸਰਬਜੀਤ ਕੌਰ ਸਰਬ - ਉਤਰਾਖੰਡ, ਇੰਜ. ਡੀ. ਐਮ. ਸਿੰਘ - ਲੁਧਿਆਣਾ, ਸੁੰਦਰਪਾਲ ਕੌਰ ਰਾਜਾਸਾਂਸੀ, ਪਰਮਜੀਤ ਸਿੰਘ - ਟੋਰੰਟੋ, ਡਾ. ਪ੍ਰਿਤਪਾਲ ਕੌਰ ਚਾਹਲ - ਵਿਨੀਪੈਗ ਅਤੇ ਜਸਵੀਰ ਕੌਰ ਗਿੱਲ - ਕੈਲਗਰੀ ਤੋਂ ਸ਼ਾਮਲ ਹੋਏ। ਦੋਵੇਂ ਦਿਨ, ਸੰਗਤ ਨੇ ਜੈਕਾਰਿਆਂ ਰਾਹੀਂ ਭਰਪੂਰ ਹੁੰਗਾਰਾ ਦਿੱਤਾ। ਡਾ. ਸੁਰਜੀਤ ਸਿੰਘ ਭੱਟੀ ਨੇ ਕਵੀ ਸਾਹਿਬਾਨ ਦਾ ਸੰਗਤ ਵਲੋਂ ਧੰਨਵਾਦ ਕੀਤਾ ਅਤੇ ਔਨਲਾਈਨ ਮੈਗਜ਼ੀਨ 'ਸਾਂਝੀ ਵਿਰਾਸਤ' ਵਿਚ ਆਪਣੀਆਂ ਰਚਨਾਵਾਂ ਲਿਖਤੀ ਰੂਪ ਵਿੱਚ ਭੇਜਣ ਦੀ ਬੇਨਤੀ ਕੀਤੀ। ਇਸ ਕਵੀ ਦਰਬਾਰ ਦੀ ਵੀਡੀਓ ਹੇਠਲੇ ਯੂਟਿਊਬ ਲਿੰਕ ਤੇ ਵੇਖੀ ਜਾ ਸਕਦੀ ਹੈ।

# ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ

## ਅੱਜ ਦਾ ਸ਼ਬਦ

### ਕੋਹ

ਲੜੀ ਨੰ:-271

ਕੋਹ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਕ੍ਰੋਸ਼ ਤੋਂ ਆਇਆ ਹੈ ਜਿਸ ਦਾ ਅਰਥ ਹੈ - ਚੀਕਣਾ, ਇੱਕ ਕੋਹ ਆਦਿ। ਕੋਹ ਫਾਸਲਾ ਮਾਪਣ ਦੀ ਇਕਾਈ ਹੈ ਜੋ ਕਿ ਲਗਭਗ ਸਵਾ ਮੀਲ ਜਾਂ ਦੋ ਕਿਲੋਮੀਟਰ ਪੈਂਡੇ ਦੇ ਬਰਾਬਰ ਹੈ। ਪਹਿਲਾਂ ਗਾਂ ਦੇ ਅੜਿੰਗਣ ਦੀ ਅਵਾਜ਼ ਜਿੱਥੋਂ ਤੱਕ ਜਾਂਦੀ ਸੀ ਉਸ ਫਾਸਲੇ ਨੂੰ ਕ੍ਰੋਸ਼ ਜਾਂ ਕੋਹ ਮੰਨ ਲਿਆ ਜਾਂਦਾ ਸੀ, ਇਹ ਦੂਰੀ ਲਗਭਗ 4000 ਗਜ਼ ਮੰਨੀ ਜਾਂਦੀ ਸੀ। ਸ਼ੇਰ ਸ਼ਾਹ ਸੂਰੀ ਮਾਰਗ ਦੇ ਨਾਲ਼-ਨਾਲ਼ ਉੱਚੇ ਮੀਨਾਰ (ਕੋਸ ਮੀਨਾਰ) ਅੱਜ ਵੀ ਦੇਖੇ ਜਾ ਸਕਦੇ ਹਨ। ਕੋਹ ਆਮ ਬੋਲਚਾਲ ਦੇ ਅਖਾਣਾਂ ਵਿੱਚ ਅਕਸਰ ਵਰਤਿਆ ਜਾਂਦਾ ਹੈ ਜਿਵੇਂ - ਕੋਹ ਨਾ ਚੱਲੀ ਬਾਬਾ ਤਿਹਾਈ। ਕੋਹ ਦਾ ਭਾਵ ਤੜਫਾਉਣ ਤੋਂ ਵੀ ਲਿਆ ਜਾਂਦਾ ਹੈ ਜਿਵੇਂ ਕੋਹ-ਕੋਹ ਕੇ ਮਾਰਨਾ।

ਇਸ ਤੋਂ ਇਲਾਵਾ ਕੋਹ ਕਾਫ਼ ਉਸ ਪਹਾੜੀ ਇਲਾਕੇ ਦਾ ਨਾਮ ਵੀ ਹੈ ਜੋ ਕਾਲ਼ਾ ਸਾਗਰ ਅਤੇ ਕੈਸਪੀਅਨ ਸਾਗਰ ਦੇ ਵਿਚਕਾਰ ਹੈ, ਜੋ ਏਸ਼ੀਆ ਨੂੰ ਯੂਰਪ ਤੋਂ ਵੱਖਰਾ ਕਰਦਾ ਹੈ।

ਨੌਵੀਂ ਸ਼੍ਰੇਣੀ ਦੀ ਪੰਜਾਬੀ ਪੁਸਤਕ ਸਾਹਿਤ-ਮਾਲ਼ਾ ਵਿੱਚ ਦਰਜ ਕਵੀ ਪ੍ਰੋ: ਪੂਰਨ ਸਿੰਘ ਜੀ ਦੀ ਕਵਿਤਾ 'ਜਵਾਨ ਪੰਜਾਬ ਦੇ' ਵਿੱਚ ਕੋਹ ਦੀ ਗੱਲ ਕੀਤੀ ਗਈ ਹੈ

ਇਹ ਬੇਪਰਵਾਹ ਪੰਜਾਬ ਦੇ
ਮੌਤ ਨੂੰ ਮਖੌਲਾਂ ਕਰਨ
ਮਰਨ ਥੀਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗੁਲਾਮੀ
ਜਾਨ **ਕੋਹ** ਆਪਣੀ ਵਾਰ ਦਿੰਦੇ।



ਪ੍ਰੋਫੈਸਰ ਪੂਰਨ ਸਿੰਘ ਜੀ

ਵਿਦਿਆਰਥੀ ਇਸ ਸ਼ਬਦ ਦੀ ਵਰਤੋਂ ਕਰਕੇ ਤਿੰਨ ਵਾਕ ਆਪਣੀ ਕਾਪੀ ਵਿੱਚ ਲਿਖਣ।

## ਸਕੂਲ ਸਿੱਖਿਆ ਵਿਭਾਗ, ਪੰਜਾਬ

# ਜਨਵਰੀ ਦਾ ਮਹੀਨਾ

ਰੁਬੀਨਾ ਸਿੰਘ, ਕੈਲਗਰੀ ਯੂਨੀਵਰਸਿਟੀ (ਕੈਨੇਡਾ)

'ਜਨਵਰੀ' ਮਹੀਨੇ ਦੇ ਨਾਮ ਦੀ ਉਤਪੱਤੀ ਸਾਲ 1000 ਤੋਂ ਪਹਿਲਾਂ ਲਾਤੀਨੀ (**Latin**) ਜੈਨੂਰੀਅਸ (***Januarius***) ਜਾਂ ਜੈਨਸ (***Janus)*** ਨਾਮ ਦੇ ਰੋਮਨ ਦੇਵਤੇ ਤੋਂ ਹੋਈ। ਇਸ ਦਾ ਸੰਬੰਧ 'ਸ਼ੁਰੂਆਤ' ਅਤੇ ਸੂਰਜ ਦੇ 'ਚੜ੍ਹਨ' ਨਾਲ ਵੀ ਹੈ। ਇਸੇ ਨੇ ਸਾਨੂੰ ਦਰਬਾਨ (**Janitor)** ਸ਼ਬਦ ਦਿੱਤਾ ਹੈ, ਜੋ ਨਵੇਂ ਦਿਨ (ਭਵਿੱਖ) ਨੂੰ ਵੇਖਦੇ ਹੋਏ ਪਹਿਲੇ ਦੇਖਭਾਲ ਕਰਨ ਵਾਲਾ ਜਾਂ ਨਿਗਰਾਨ ਹੁੰਦਾ ਹੈ। ਬਾਅਦ ਜਨਵਰੀ ਰੋਮਨ ਕੈਲੰਡਰ ਦਾ ਪਹਿਲਾ ਮਹੀਨਾ ਬਣ ਗਿਆ।

ਨਾਨਕਸ਼ਾਹੀ ਕੈਲੰਡਰ ਵਿੱਚ, ਜਿਸਦਾ ਸਿੱਖ ਪਾਲਣ ਕਰਦੇ ਹਨ, ਹਰ ਸਾਲ 14 ਮਾਰਚ ਨੂੰ ਚੇਤ ਮਹੀਨੇ ਵਿੱਚ ਨਵਾਂ ਸਾਲ ਸ਼ੁਰੂ ਹੁੰਦਾ ਹੈ। 13 ਜਨਵਰੀ ਨੂੰ ਮਾਘ ਦਾ ਮਹੀਨਾ ਸ਼ੁਰੂ ਹੁੰਦਾ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਮਹੀਨਿਆਂ ਦੇ ਸ਼ੁਰੂ ਦੀਆਂ ਤਾਰੀਖਾਂ ਇੱਥੇ ਗ੍ਰੇਗੋਰੀਅਨ ਸਾਲ ਦੀਆਂ ਤਾਰੀਖਾਂ ਅਨੁਸਾਰ ਦਿੱਤੀਆਂ ਗਈਆਂ ਹਨ।

ਪਹਿਲੇ ਪੰਜ ਮਹੀਨਿਆਂ ਦੇ ਹਰੇਕ ਵਿੱਚ 31 ਦਿਨ ਹੁੰਦੇ ਹਨ। ਇਹ ਹਨ: 14 ਮਾਰਚ – 1 ਚੇਤ, 14 ਅਪ੍ਰੈਲ – 1 ਵੈਸਾਖ, 15 ਮਈ – 1 ਜੇਠ, 15 ਜੂਨ – 1 ਹਾੜ, ਅਤੇ 16 ਜੁਲਾਈ – 1 ਸਾਵਣ।

ਅਗਲੇ ਸੱਤ ਮਹੀਨਿਆਂ ਦੇ ਹਰੇਕ ਵਿੱਚ 30 ਦਿਨ ਹਨ। 16 ਅਗਸਤ – 1 ਭਾਦੋਂ, 15 ਸਤੰਬਰ – 1 ਅੱਸੂ, 15 ਅਕਤੂਬਰ – 1 ਕੱਤਕ, 14 ਨਵੰਬਰ – 1 ਮੱਘਰ, 14 ਦਸੰਬਰ – 1 ਪੋਹ, 13 ਜਨਵਰੀ – 1 ਮਾਘ, ਅਤੇ 12 ਫਰਵਰੀ – 1 ਫੱਗਣ। 'ਲੀਪ' ਸਾਲ (ਚਾਰ ਸਾਲਾਂ ਬਾਅਦ) ਆਖਰੀ ਮਹੀਨੇ ਵਿੱਚ ਇੱਕ ਦਿਨ ਜੋੜਿਆ ਜਾਂਦਾ ਹੈ। ਇਸ ਪ੍ਰਣਾਲੀ ਦਾ ਫਾਇਦਾ ਇਹ ਹੈ ਕਿ ਹਰ ਸਾਲ ਸਾਰੇ ਤਿਉਹਾਰ ਇੱਕੋ ਤਰੀਕ ਨੂੰ ਆਉਂਦੇ ਹਨ ਅਤੇ ਕੋਈ ਉਲਝਣ ਨਹੀਂ ਹੁੰਦੀ ਹੈ। ਜਨਵਰੀ ਵਿੱਚ ਮਨਾਏ ਜਾਣ ਵਾਲੇ ਕੁਝ ਮਹੱਤਵਪੂਰਨ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਸਮਾਗਮ ਹੇਠ ਲਿਖੇ ਅਨੁਸਾਰ ਹਨ।

**ਜਨਵਰੀ-1**: "ਨਵੇਂ ਸਾਲ ਦਾ ਦਿਨ" ਪਿਛਲੇ ਸਾਲ ਦੀਆਂ ਘਟਨਾਵਾਂ ਦਾ ਲੇਖਾ-ਜੋਖਾ, ਇਨ੍ਹਾਂ ਬਾਰੇ ਵਿਚਾਰ ਅਤੇ ਨਵੇਂ ਸਾਲ ਲਈ ਸੰਕਲਪਾਂ ਲਈ ਜਾਣਿਆ ਜਾਂਦਾ ਹੈ। ਇਸ ਨੂੰ ਕੈਥੋਲਿਕ ਚਰਚ ਦੁਆਰਾ "ਵਿਸ਼ਵ ਸ਼ਾਂਤੀ ਦਿਵਸ" ਵਜੋਂ ਵੀ ਮਨਾਇਆ ਜਾਂਦਾ ਹੈ।

**4 ਜਨਵਰੀ**: "ਵਿਸ਼ਵ ਬ੍ਰੇਲ (**Braille**) ਦਿਵਸ" ਨੇਤਰਹੀਣ ਲੋਕਾਂ ਦੀ ਪ੍ਰਤਿਭਾ ਦੀ ਮਹੱਤਾ ਅਤੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਪੂਰੀ ਪ੍ਰਾਪਤੀ ਲਈ ਯਤਨਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਮਨਾਇਆ ਜਾਂਦਾ ਹੈ।

**5 ਜਨਵਰੀ**: ਪੂਰੇ ਵਿਸ਼ਵ ਵਿੱਚ ਸਿੱਖਾਂ ਦੁਆਰਾ ਹਰ ਸਾਲ ਗੁਰੂ ਗੋਬਿੰਦ ਸਿੰਘ (ਜਿਨ੍ਹਾਂ ਦਾ ਜਨਮ 1666 ਵਿੱਚ ਹੋਇਆ ਸੀ) ਦੇ ਜਨਮ ਦਿਨ ਵਜੋਂ ਮਨਾਇਆ ਜਾਂਦਾ ਹੈ, ਜੋ ਦਸਵੇਂ ਅਤੇ ਆਖਰੀ ਸਿੱਖ ਗੁਰੂ ਸਨ, ਅਤੇ ਜਿਨ੍ਹਾਂ ਨੇ ਅਨੰਦਪੁਰ ਸਾਹਿਬ ਵਿਚ (1699 ਦੀ ਵਿਸਾਖੀ ਵਾਲੇ ਦਿਨ) 'ਖਾਲਸਾ ਪੰਥ' ਦੀ ਸਥਾਪਨਾ ਕੀਤੀ ਸੀ।

**8 ਜਨਵਰੀ**: ਹਰ ਸਾਲ ਫਰਾਂਸ ਦੇ ਭੌਤਿਕ ਵਿਗਿਆਨੀ ਲਿਓਨ ਫੂਕੋਲਟ ਦੇ 1851 ਦੇ ਤਜਰਬੇ ਦੀ ਯਾਦ ਵਿੱਚ "ਧਰਤੀ ਦੇ ਰੋਟੇਸ਼ਨ ਦਿਵਸ" (**Rotation of the Earth Day)** ਦੀ ਖੋਜ ਵਜੋਂ ਮਨਾਇਆ ਜਾਂਦਾ ਹੈ । ਇਸ ਤੋਂ ਸਿੱਧ ਹੋਇਆ ਸੀ ਕਿ ਧਰਤੀ ਲਗਭਗ 24 ਘੰਟਿਆਂ ਵਿੱਚ (ਲਗਭਗ 23.5 ਡਿਗਰੀ ਦੇ ਝੁਕਾਅ ਨਾਲ) ਆਪਣੀ ਧੁਰੀ ਉੱਤੇ ਘੁੰਮਦੀ ਹੈ।

**26 ਜਨਵਰੀ**: ਆਸਟ੍ਰੇਲੀਆ ਦਿਵਸ (**Australia Day**) 1788 ਵਿੱਚ ਸਿਡਨੀ ਕੋਵ ਵਿਖੇ ਬ੍ਰਿਟੇਨ ਦੀ ਪਹਿਲੀ ਫਲੀਟ ਦੇ ਉਤਰਨ ਅਤੇ ਬ੍ਰਿਟਿਸ਼ ਐਡਮਿਰਲ ਆਰਥਰ ਫਿਲਿਪ ਦੁਆਰਾ ਸੰਘ ਦਾ ਝੰਡਾ ਲਹਿਰਾਉਣ ਲਈ ਹਰ ਸਾਲ ਮਨਾਇਆ ਜਾਂਦਾ ਹੈ। ਭਾਰਤ ਇਸ ਨੂੰ ਆਪਣੇ ਗਣਤੰਤਰ ਦਿਵਸ (**India's Republic Day)** ਵਜੋਂ ਮਨਾਉਂਦਾ ਹੈ।ਇਸੇ ਦਿਨ 1990 ਵਿਚ ਨੈਲਸਨ ਮੰਡੇਲਾ ਨੂੰ 27 ਸਾਲ ਬਾਅਦ ਰਿਹਾ ਕੀਤਾ ਗਿਆ ਸੀ।

**30 ਜਨਵਰੀ**: ਵਿਸ਼ਵ ਕੁਸ਼ਟ ਰੋਗ ਦਿਵਸ ਹਰ ਸਾਲ ਜਨਵਰੀ ਦੇ ਆਖ਼ਰੀ ਐਤਵਾਰ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਕੋੜ੍ਹ (**Hansen's disease)** ਪ੍ਰਤੀ ਲੋਕਾਂ ਦੀ ਜਾਗਰੂਕਤਾ ਅਤੇ ਕੋੜ੍ਹ ਤੋਂ ਪੀੜਤ ਲੋਕਾਂ ਲਈ ਸਹਾਇਤਾ ਅਤੇ ਹਮਦਰਦੀ ਵਧਾਉਣ ਲਈ ਮਨਾਇਆ ਜਾਂਦਾ ਹੈ।

1986 ਤੋਂ, ਸੰਯੁਕਤ ਰਾਜ ਅਮਰੀਕਾ ਹਰ ਸਾਲ ਜਨਵਰੀ ਦੇ ਤੀਜੇ ਸੋਮਵਾਰ ਨੂੰ ਮਾਰਟਿਨ ਲੂਥਰ ਕਿੰਗ (ਜੂਨੀਅਰ) ਦਾ ਸਨਮਾਨ ਕਰਨ ਲਈ ਮਨਾਉਂਦਾ ਹੈ, ਜੋ ਕਿ 1960 ਦੌਰਾਨ ਇੱਕ ਪ੍ਰੇਰਨਾਦਾਇਕ ਨਾਗਰਿਕ ਅਧਿਕਾਰ (**Human Rights)** ਸਮਰਥਕ ਕਾਰਕੁਨ ਸੀ

# ਜਨਵਰੀ ਅੰਕ ਦੇ ਲੇਖਕ

**ਡਾ: ਤਰਲੋਕ ਸਿੰਘ ਸਹੋਤਾ** ਲੇਕਹੈੱਡ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਐਗਰੀਕਲਚਰਲ ਰਿਸਰਚ ਸਟੇਸ਼ਨ, ਥੰਡਰ ਬੇ (ਕੈਨੇਡਾ) ਦੇ ਡਾਇਰੈਕਟਰ ਹਨ। ਉਨ੍ਹਾਂ ਨੇ ਪੌਸ਼ਟਿਕ ਫਸਲਾਂ ਦੀਆਂ ਕਿਸਮਾਂ ਅਤੇ ਨਵੇਂ ਚਾਰੇ ਬਾਰੇ ਕਈ ਮੁਲਕਾਂ ਦੀਆਂ ਸੰਸਥਾਵਾਂ ਵਿੱਚ 40 ਸਾਲਾਂ ਤਕ ਖੋਜ ਕੀਤੀ। ਪਲਾਂਟ ਕੈਨੇਡਾ ਅਤੇ ਅਮਰੀਕਨ ਸੋਸਾਇਟੀ ਆਫ਼ ਐਗਰੋਨੋਮੀ ਵਿਖੇ ਲਗਭਗ 100 ਪੇਪਰ ਪੜ੍ਹੇ ਅਤੇ 650 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ। ਫੈਲੋਸ਼ਿਪ ਅਤੇ **Distinguished Agronomist Award, ਅਵਾਰਡ ਆਫ਼ ਐਕਸੀਲੈਂਸ, RBC Innovation Award ਅਤੇ PAU Award of Honour ਮਿਲੇ ਅਤੇ Thunder Bay Multifaith Committee 'ਤੇ ਸਿੱਖ ਧਰਮ ਦੀ ਨੁਮਾਇੰਦਗੀ ਕਰ ਰਹੇ ਹਨ। (E-Mail: tssahota@lakeheadu.ca & : +1 (807) 475-8404)**

**ਡਾ. ਕਾਬਲ ਸਿੰਘ**, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। **(E-mail: singhkabal285@gmail.com)**

**ਡਾ. ਬਲਦੇਵ ਸਿੰਘ,** ਨੇ ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ। ਉਨ੍ਹਾਂ ਨੇ ਪੀ.ਐਚ.ਡੀ. ਲਈ "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕਈ ਕੰਪਨੀਆਂ ਨਾਲ ਸਲਾਹਕਾਰ ਵੀ ਰਹੇ ਹਨ। **(E-mail: baldev3@yahoo.com)**

**ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਦੇ** ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। **(E-mail : gurdish.grewal@gmail.com)**

**ਪ੍ਰੋਫੈਸਰ ਮਨਿੰਦਰ ਸਿੰਘ,** ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। **(Web: http://www.mypanorama.ca.)**

**ਡਾ. ਕਾਲਾ ਸਿੰਘ** ਸਿੱਖ ਅਧਿਆਤਮਿਕਤਾ ਅਤੇ ਮਾਨਸਿਕ ਸਿਹਤ ਦੇ ਖੇਤਰ ਵਿਚ ਕੰਮ ਕਰ ਰਹੇ ਹਨ। ਉਹਨਾਂ ਦੀ ਮੈਡੀਕਲ ਖੋਜ "ਸਪਿਰਿਚੁਅਲਿਟੀ ਐਂਡ ਹੈਲਥ ਇੰਟਰਨੈਸ਼ਨਲ" ਅਤੇ ਦੋ ਕਿਤਾਬਾਂ "ਗੁਰਮਤਿ ਸਿਧਾਂਤ" ਵਿਚ ਪ੍ਰਕਾਸ਼ਿਤ ਹੈ। ਉਨ੍ਹਾਂ ਨੂੰ ਬ੍ਰਿਟਿਸ਼ ਪਾਰਲੀਮੈਂਟ ਵਿੱਚ ਗਲੋਬਲ ਕਨਵੈਨਸ਼ਨ ਦੌਰਾਨ "ਪ੍ਰਵਾਸੀ ਰਤਨ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਬੀ. ਸੀ. (ਕੈਨੇਡਾ) ਦੀ ਮਲਟੀ-ਫੇਥ ਕੌਂਸਿਲ ਅਤੇ ਗਲੋਬਲ ਸਿੱਖ ਕੌਂਸਿਲ ਦੇ ਸਕੱਤਰ ਹਨ। **(E-mail: kalasingh18@gmail.com )**

**ਡਾ. ਰਾਜਬੀਰ ਸਿੰਘ ਭੱਟੀ** ਨੇ ਪਟਿਆਲਾ ਤੋਂ **Industrial Engineering** ਵਿਚ ਗ੍ਰੈਜੂਏਸ਼ਨ, ਫਿਰ **M. Tech**. ਕਰ ਕੇ **Ph. D. Indian Institute of Technology (IIT) Roorkee** ਤੋਂ **Supply Chain Optimization)** ਵਿੱਚ ਕੀਤੀ ਹੈ। ਵਰਤਮਾਨ ਵਿੱਚ **Mount Royal University, Calgary** ਵਿੱਚ **Associate Professor** ਅਤੇ ਵਿਭਾਗ ਦੇ ਮੁਖੀ **(Chair)** ਹਨ। **(Website: rajbirbhatti.ca)**

**ਡਾ. ਗੁਰਚਰਨ ਸਿੰਘ ਸੋਹਲ,** **Ph.D.** (ਰਾਜਨੀਤੀ ਵਿਗਿਆਨ) ਪੰਜਾਬ ਦੇ ਸੰਦਰਭ ਵਿਚ ਖੇਤਰੀ ਰਾਜਨੀਤੀ ਬਾਰੇ ਖੋਜ ਕਾਰਜ ਕਰ ਰਹੇ ਹਨ। ਇਕ ਕਾਵਿ-ਪੁਸਤਕ ("ਜੀਵਨ ਦੇ ਰੰਗ") ਪ੍ਰਕਾਸ਼ਿਤ ਕੀਤੀ। ਸਰਕਾਰੀ ਅਧਿਆਪਕ ਵਜੋਂ ਸਿਖਿਆ ਵਿਭਾਗ ਪੰਜਾਬ ਵਿਖੇ ਸੇਵਾ ਅਧੀਨ ਹਨ। ਕਵਿਤਾ ਅਤੇ ਵਾਰਤਕ ਵਿੱਚ ਕਿਤਾਬਾਂ, ਮੈਗਜੀਨਾਂ ਅਤੇ ਪਤ੍ਰਿਕਾਵਾਂ ਵਿੱਚ ਰਚਨਾਵਾਂ ਛਪਦੀਆਂ ਹਨ। ਦਿਲਚਸਪੀ ਮਨੁੱਖ ਦੇ ਕੁਦਰਤ ਨਾਲ ਰਿਸ਼ਤੇ ਅਤੇ ਜੀਵਨ ਫਲਸਫੇ ਨੂੰ ਸਮਝਣ ਵੱਲ ਤੁਰਦੀ ਖੁੱਲੀ ਕਵਿਤਾ ਵਿਚ ਹੈ।

**ਡਾ. ਬਲਦੇਵ ਸਿੰਘ ਢਿੱਲੋਂ** (FNA, FNAAS, FNASc, FPAS) ਅਤੇ PAU ਲੁਧਿਆਣਾ, ਦੇ ਸਾਬਕਾ VC ਹਨ। ਉਨ੍ਹਾਂ ਜਰਮਨੀ ਅਤੇ ਯੂ. ਕੇ. ਵਿਚ ਪੋਸਟ-ਡਾਕਟੋਰਲ ਅਤੇ ਜਰਮਨੀ ਤੇ ਮੈਕਸੀਕੋ ਵਿਚ ਸਾਇੰਸਦਾਨ ਦੀਆਂ ਸੇਵਾਵਾਂ ਨਿਭਾਈਆਂ। ਅੱਠ ਸਾਲ ICAR ਵਿਚ ਸੇਵਾ ਕੀਤੀ। ਮੱਕੀ ਵਿਚ ਉਹਨਾਂ ਦੀ ਰੀਸਰਚ ਦਾ ਸਦਕਾ ਉਹਨਾਂ ਨੂੰ "ਮੇਜ ਚੈਂਪੀਅਨ ਆਫ ਏਸ਼ੀਆ" ਦਾ ਐਵਾਰਡ ਮਿਲਿਆ। ਭਾਰਤ ਸਰਕਾਰ ਨੇ ਉਹਨਾਂ ਨੂੰ "*Padma Shri*" ਅਤੇ "ਗੁਰੂ ਨਾਨਕ ਅਚੀਵਰਸ ਐਵਾਰਡ" ਨਾਲ ਸਨਮਾਨਿਤ ਕੀਤਾ। ( E-mail : dhillonbaldevsingh@gmail.com.)

**ਡਾ. ਹਰਸ਼ਿੰਦਰ ਕੌਰ**, ਪਟਿਆਲਾ ਤੋਂ ਐੱਮ.ਡੀ. ਹਨ। ਲੈਕਚਰ ਦੇ ਕੇ ਭਰੂਣ ਹੱਤਿਆ, ਦਾਜ ਅਤੇ ਘਰੇਲੂ ਹਿੰਸਾ ਵਿਰੁੱਧ ਜਾਗਰੂਪਤਾ ਲਿਆ ਰਹੇ ਹਨ। ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰ ਰਹੇ ਹਨ, ਅਤੇ 41 ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਕਿਤਾਬਾਂ ਅਤੇ ਲੇਖ ਲਿਖੇ ਹਨ। ਭਾਰਤ ਦੀਆਂ ਚੋਟੀ ਦੀਆਂ ਮਹਿਲਾਵਾਂ ਵਜੋਂ ਰਾਸ਼ਟਰਪਤੀ ਦੁਆਰਾ ਸਨਮਾਨ, ਪੰਜਾਬ ਤੋਂ ਪੁਰਸਕਾਰ ਅਤੇ ਚੋਟੀ ਦੇ ਸਿੱਖ ਰੋਲ ਮਾਡਲਾਂ ਵਿੱਚ ਦਰਜਾ ਪ੍ਰਾਪਤ ਕੀਤਾ ਹੈ। ਸੰਯੁਕਤ ਰਾਸ਼ਟਰ ਮੀਡੀਆ, 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ' ਅਤੇ ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ ਅਵਾਰਡ' ਪ੍ਰਾਪਤ ਕੀਤੇ। ਭਾਰਤ, ਨੀਦਰਲੈਂਡ, ਯੂ. ਕੇ. ਅਤੇ ਕੈਨੇਡਾ ਦੇ ਟੀ. ਵੀ. ਨੈੱਟਵਰਕਾਂ ਦੁਆਰਾ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਗਈਆਂ ਹਨ। (E-Mail: drharshpatiala@yahoo.com)

**ਸ੍ਰ. ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚ ਬਤੌਰ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੁ ਗੋਬਿੰਦ ਸਿੰਘ ਸਟੱਡੀ ਸਰਕਲ (ਜਿਸ ਦੇ ਮੀਤ ਪ੍ਰਧਾਨ, ਸਕੱਤਰ ਸਨ) ਦੀ ਮੈਗਜ਼ੀਨਾਂ ਵਿਚ ਰਚਨਾਵਾਂ ਛਪਦੀਆਂ ਹਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (E-mail : ksnoor50@gmail.com. )

**ਬੀਬੀ ਰੁਬੀਨਾ ਸਿੰਘ** ਕੈਲਗਰੀ ਯੂਨੀਵਰਸਿਟੀ ਵਿੱਚ ਬੀ.ਐਸਸੀ. ਦੀ ਵਿਦਿਆਰਥਣ ਹੈ। ਉਹ ਨੌਜਵਾਨਾਂ ਵਿੱਚ ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ (AHS) ਵਿਚ ਖੋਜਕਾਰ ਰਹੀ ਹੈ। "ਡਾਇਗਨੌਸਟਿਕਸ ਵਿੱਚ ਅਸਮਾਨਤਾਵਾਂ" ਪ੍ਰਾਜੈਕਟ ਦੀ ਵਾਈਸ ਪ੍ਰੈਜ਼ੀਡੈਂਟ ਹੈ ਤੇ ਔਰਤਾਂ ਦੀ ਸਿਹਤ ਦੀ ਜਾਂਚ ਵਿਚ ਕਮੀਆਂ ਦੇਖਦੀ ਹੈ। ਉਸਨੇ ਕੈਲਗਰੀ ਵਿੱਚ ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਵਲੰਟੀਅਰ ਵਜੋਂ 1000 ਘੰਟਿਆਂ ਤੋਂ ਵੱਧ ਸੇਵਾ ਕੀਤੀ। ਉਸ ਨੇ ਪ੍ਰੋਜੈਕਟ (Covid Speaks) ਵਿਚ ਅਗਵਾਈ ਕੀਤੀ।

**ਸਰਦਾਰ ਡੀ.ਐਮ. ਸਿੰਘ** MBA, FIE (Mechanical Engrs) ਹਨ। ਉਹ Pb. Industries & Export Corpn. ਦੇ Chief General Manager ਵਜੋਂ ਸੇਵਾਮੁਕਤ ਹੋਏ, ਅਤੇ National Instt. of Engg. **ਦੇ** Chairman **ਰਹੇ। ਹੁਣ**Certified Chartered Engineer, Bank Valuer, Custom & IT Commissioner ਹਨ। ਕਵਿਤਾ, ਕਹਾਣੀਆਂ, ਨਾਟਕ ਅਤੇ ਨਾਵਲ ਦੀਆਂ ਅੱਠ ਕਿਤਾਬਾਂ ਲਿਖੀਆਂ ਹਨ। ਦੂਰਦਰਸ਼ਨ ਨੇ ਉਨ੍ਹਾਂ'ਤੇ ਫਿਲਮ ਬਣਾਈ ਹੈ ਅਤੇ ਮੌਜੂਦਾ ਵਿਸ਼ਿਆਂ 'ਤੇ ਇੰਟਰਵਿਊ ਕੀਤੇ ਹਨ। ਹਰਿਆਣਾ ਸਾਹਿਤ ਅਕਾਦਮੀ, ਸਾਂਈ ਮੀਆਂ ਮੀਰ ਟਰੱਸਟ, ਦਿੱਲੀ, ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਸਨਮਾਨਿਆ ਹੈ। (E-mail: dmsgh2890@gmail.com)

**ਡਾ. ਰਾਜਾ ਬਲਰਾਜ ਸਿੰਘ** ਨੇ 2020 ਵਿੱਚ ਔਨਲਾਈਨ ਪ੍ਰੋਗਰਾਮ (ਕੈਲਗਰੀ ਈ-ਦੀਵਾਨ) ਸ਼ੁਰੂ ਕੀਤਾ, ਤਾਂ ਜੋ ਵੱਖੋ-ਵੱਖ ਧਰਮਾਂ ਵਿਚ ਸੰਵਾਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵਿਸ਼ਵ-ਵਿਆਪੀ ਭਾਈਚਾਰੇ ਦੇ ਸੰਦੇਸ਼ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਉਨ੍ਹਾਂ ਦੀ ਪੀ.ਐਚ.ਡੀ. ਮੈਨੀਟੋਬਾ ਯੂਨੀਵਰਸਿਟੀ (ਵਿਨੀਪੈਗ, ਕੈਨੇਡਾ) ਤੋਂ Cardio-vascular Sciences ਵਿੱਚ ਖੋਜ ਤੇ ਅਧਾਰਿਤ ਹੈ। ਅਲਬਰਟਾ ਯੂਨੀਵਰਸਿਟੀ ਦੇ ਨਾਲ "ਅਲਬਰਟਾ ਪ੍ਰੋਸਟੇਟ ਕੈਂਸਰ ਰਿਸਰਚ ਇਨੀਸ਼ੀਏਟਿਵ" ਦੇ ਡਾਇਰੈਕਟਰ ਹਨ। (E-mail: rajabsingh72@gmail.com)

**ਡਾ. ਪ੍ਰਿਤ ਪਾਲ ਕੌਰ ਚਾਹਲ**, ਪੀ ਐੱਚ ਡੀ (ਪਲਾਂਟ ਪੈਥਾਲੋਜੀ) ਹਨ, ਸੌ ਤੋਂ ਉੱਪਰ ਖੋਜ ਪੇਪਰ ਤੇ ਅੱਠਾਰਾਂ ਖੋਜ ਚੈਪਟਰਜ਼ ਲਿਖੇ, ਅਮਰੀਕਾ ਤੇ ਭਾਰਤ ਦੇ ਅਦਾਰਿਆਂ (ICAR and DBT) ਦੇ ਪ੍ਰਾਜੈਕਟਾਂ ਵਿਚ ਕੰਮ ਕੀਤਾ। ਅੰਤਰ-ਰਾਸ਼ਟ੍ਰੀ ਸਭਾਵਾਂ ਵਿਚ ਖੋਜ ਪੱਤਰ ਪੜ੍ਹੇ, ਤਿੰਨ ਵਾਰ ਭਾਰਤ ਦੀ ਪ੍ਰਤੀਨਿਧਤਾ ਕੀਤੀ। ਬਾਰ੍ਹਾਂ ਕਿਤਾਬਾਂ ਪੰਜਾਬੀ ਮਾਂ ਬੋਲੀ ਵਿੱਚ ਛਪੀਆਂ, ਜਿਨਾਂ ਵਿਚ ਕਾਵਿ ਸੰਗ੍ਰਹਿ ਤੇ ਕਈ ਬਾਲ ਸਾਹਿਤ ਦੀਆਂ ਹਨ। ਕੈਨੇਡਾ ਦੀਆਂ ਸਮੱਸਿਆਵਾਂ ਬਾਰੇ ਵੀ ਲਿਖਦੇ ਹਨ।

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰਨਿੱਜੀ ਲੇਖ/ ਕਵਿਤਾਵਾਂ (ਹੀ), ਸਮੀਖਿਆ ਕਰਵਾ ਕੇ ਛਾਪਣਾ
2. ਸੰਪਾਦਕੀ ਬੋਰਡ ਲੇਖਕਾਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੈ, ਜ਼ਿਮੇਵਾਰੀ ਕੇਵਲ ਲੇਖਕਾਂ ਦੀ ਹੋਵੇਗੀ
3. ਲਿਖਤ ਪੰਜਾਬੀ (ਅਨਮੋਲ ਲਿਪੀ), ਅੰਗਰੇਜ਼ੀ (ਟਾਈਮਜ਼ ਨਿਊ ਰੋਮਨ) ਵਰਡ-12 ਫੌਂਟ ਵਿਚ ਹੀ ਹੋਵੇ
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਬਿਲਕੁਲ ਵੀ ਨਾ ਹੋਵੇ ਜੀ
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਜ਼ਰੂਰੀ ਛੱਡੀ ਹੋਵੇ
6. ਲੇਖਕ ਦਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ਈਮੇਲ, ਵੱਟਸਐਪ, ਸੰਖੇਪ ਜਾਣਕਾਰੀ ਦਿਓ
7. ਲੇਖ ਦੀ ਕੁਲ ਲੰਬਾਈ ਲੈਪਟਾਪ ਦੇ ਵਧ ਤੋਂ ਵਧ ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ
8. ਲੰਬੇ ਲੇਖ ਸਾਡੇ ਵੈੱਬਸਾਈਟ (***sanjihivrasat.org)*** ਦੇ 'ਬਲ਼ੌਗ' 'ਤੇ ਜਾਂ ਲੜੀਵਾਰ ਛਾਪੇ ਜਾਣਗੇ
9. ਲੇਖਕਾਂ/ ਕਵੀਆਂ ਦੀ ਜ਼ਿਮੇਵਾਰੀ ਹੋਵੇਗੀ '**Copyright Infringement**' ਨਹੀਂ ਹੋਣੀ ਚਾਹੀਦੀ
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਅਤੇ ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਸਾਲ ਦਿਓ
11. ਗੁਰਬਾਣੀ ਲਈ ਸਰੋਤ, ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਦਸਣਾ ਜ਼ਰੂਰੀ ਹੈ

## Important Information for Authors

1. **Magazine Policy** : To Promote Punjabi Culture, History & Heritage (By Secular, Non-Political, Non-Personal Articles/Poems, after Review
2. **Editorial Board** : Will not be responsible for views of Authors /Poets
3. **Font size 12** : Panjabi - Anmol Lipi (English -Times New Roman)
4. **Spacing, margin** : Line-to-line 1.0, Margins One Inch on all four sides
5. **Format -WORD** : No PDF, Photocopy, Printscreen, Snip, Office-Lens
6. **Author's Data** : Name, City (Country), Brief (own) Introduction
7. **Author's Contact** : Phone, e-mail, or WhatsApp. (Photo is optional)
8. **Maximum Length**: Two pages (Including Photo) / 800 Laptop words)
9. **Longer Articles** : On **BLOG** Website ***(sanjhivirasat.org)*** / serialized

10 **Copy -right (CR**) : Authors will certify there is No CR Infringement
11 **References/Photo** : Source (Author, Title, Journal/Book, Year, Pages.

# ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

# Editorial Board


| | | |
|---|---|---|
| 1. | ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| 2. | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| 3. | ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| 4. | ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| 5. | ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| 6. | ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| 7. | ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| 8. | ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ) |
| 9. | ਇੰਜ. ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| 10. | ਡਾ. ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| 11. | ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

**ਸਲਾਹਕਾਰ:**

| | | |
|---|---|---|
| 1. | ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| 2. | ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| 3. | ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| 4. | ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| 5. | ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| 6. | ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| 7. | ਸਰਦਾਰ ਯੁਵਰਾਜ ਸਿੰਘ | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ. ਜਗਬੀਰ ਸਿੰਘ ਕੋਹਲੀ



ਸ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ. ਕਰਮਜੀਤ ਸਿੰਘ ਨੂਰ



ਡਾ. ਸੁਰਜੀਤ ਸਿੰਘ ਭੱਟੀ



ਡਾ. ਰਾਜਬੀਰ ਸਿੰਘ ਭੱਟੀ

## ਸ਼ਲਾਹਕਾਰ


ਡਾ. ਕਾਲਾ ਸਿੰਘ


ਡਾ. ਡੀ. ਪੀ ਸਿੰਘ


ਡਾ. ਜਗਜੀਤ ਸਿੰਘ


ਡਾ. ਦਵਿੰਦਰ ਸਿੰਘ ਸੇਖੋਂ


ਅਮ੍ਰਿਤਪਾਂਲ ਕੌਰ


ਯੁਵਰਾਜ ਸਿੰਘ


ਰਿਸ਼ੀ ਨਾਗਰ